ਪੰਜਾਬ ਓਪਨ ਸਕੂਲ

# ਪ੍ਰਾਸਪੈਕਟਸ

## ਸੀਨੀਅਰ ਸੈਕੰਡਰੀ ਕੋਰਸ

## (ਅਕਾਦਮਿਕ ਸਾਲ **2025-26**)

## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਮੋਹਾਲੀ


ਟੈਲੀਫ਼ੋਨ ਨੰ: 0172-5227197, 196, 206, 204, 172

ਈ-ਮੇਲ: **openschool.pseb@punjab.gov.in**

ddopenschool@yahoo.com

# ਸੰਦੇਸ਼

ਸਿੱਖਿਆ ਇੱਕ ਅਜਿਹਾ ਭਰਪੂਰ ਸਾਧਨ ਹੈ ਜਿਸ ਨਾਲ ਸਮਾਜ ਵਿੱਚ ਪਰਿਵਰਤਨ ਸੰਭਵ ਹੈ। ਇਸ ਦਾ ਮਨੋਰਥ ਪ੍ਰਮਾਣ ਜਾਂ ਸਰਟੀਫ਼ਿਕੇਟ ਪ੍ਰਾਪਤ ਕਰਨਾ ਹੀ ਨਹੀਂ ਸਗੋਂ ਮਨੁੱਖ ਨੂੰ ਬਹੁਪੱਖੀ ਸੂਝ ਦਾ ਧਾਰਨੀ ਬਨਾਉਣਾ ਹੈ। ਸਰਵ-ਵਿਆਪਕ ਸਿੱਖਿਆ ਦਾ ਟੀਚਾ ਸਾਡੇ ਅੱਗੇ ਵੱਡੀ ਚੁਣੌਤੀ ਹੈ ਕਿਉਂਕਿ ਸਾਧਨ ਤੇ ਸਹੂਲਤਾਂ ਸੀਮਿਤ ਹੋਣ ਕਾਰਨ ਇਸ ਟੀਚੇ ਨੂੰ ਰਸਮੀ ਸਿੱਖਿਆ ਨਾਲ ਪੂਰਾ ਨਹੀਂ ਕੀਤਾ ਜਾ ਸਕਦਾ। ਰਾਸ਼ਟਰੀ ਸਿੱਖਿਆ ਨੀਤੀ ਅਧੀਨ ਉਲੀਕੇ ਉਦੇਸ਼ਾਂ ਦੀ ਪੂਰਤੀ ਲਈ ਪੰਜਾਬ ਵਿੱਚ ਰਸਮੀ ਸਿੱਖਿਆ ਪ੍ਰਣਾਲੀ ਦੇ ਨਾਲ-ਨਾਲ ਗੈਰ-ਰਸਮੀ ਸਿੱਖਿਆ ਪ੍ਰਣਾਲੀ ਵਜੋਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਪੰਜਾਬ ਓਪਨ ਸਕੂਲ ਸਿੱਖਿਆ ਪ੍ਰਣਾਲੀ ਅਧੀਨ ਸਿੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਪ੍ਰਣਾਲੀ ਰਾਹੀਂ ਰਸਮੀ ਸਿੱਖਿਆ ਤੋਂ ਵਾਂਝੇ ਰਹੇ ਜਾਂ ਟੁੱਟ ਚੁੱਕੇ ਵਿਦਿਆਰਥੀਆਂ, ਨੌਕਰੀ ਸ਼ੁਦਾ ਲੋਕਾਂ ਜਿਹਨਾਂ ਨੂੰ ਮਜਬੂਰਨ ਅਗਲੇਰੀ ਪੜ੍ਹਾਈ ਬੰਦ ਕਰਨੀ ਪਈ ਹੋਵੇ, ਘਰੋਗੀ ਕੰਮ ਕਰਦੀਆਂ ਗ੍ਰਹਿਣੀਆਂ, ਫੌਜੀ ਅਤੇ ਨੀਮ ਫੌਜੀ ਦਸਤਿਆਂ ਦੇ ਜਵਾਨ, ਅਨੁਸੂਚਿਤ ਤੇ ਪੱਛੜੀਆਂ ਜਾਤੀਆਂ, ਦੂਰ-ਦੁਰਾਡੇ ਰਹਿੰਦੇ ਲੋਕ ਅਤੇ ਉਹ ਲੋਕ ਜੋ ਸਮਾਜਿਕ ਅਤੇ ਆਰਥਿਕ ਔਕੜਾਂ ਕਾਰਨ ਸਿੱਖਿਆ ਪ੍ਰਾਪਤ ਨਹੀਂ ਕਰ ਸਕੇ, ਨੂੰ ਮੁੜ ਸਿੱਖਿਆ ਜਗਤ ਨਾਲ ਜੋੜਿਆ ਜਾ ਸਕਦਾ ਹੈ।

ਓਪਨ ਸਕੂਲ ਸਿੱਖਿਆ ਪ੍ਰਣਾਲੀ ਸਵੈ-ਅਧਿਐਨ 'ਤੇ ਜ਼ੋਰ ਦਿੰਦੀ ਹੈ ਅਤੇ ਔਕੜ ਪੇਸ਼ ਆਉਣ ਮੌਕੇ ਅਧਿਆਪਕ ਇੱਕ ਭਰੋਸੇਯੋਗ ਸਲਾਹਕਾਰ ਵਜੋਂ ਕੰਮ ਕਰਦਾ ਹੈ ਜੋ ਵਿਦਿਆਰਥੀਆਂ ਦੇ ਨੇਮਬੱਧ ਸਮੇਂ ਤੇ ਸਕੂਲ ਜਾਣ ਤੋਂ ਬਗੈਰ ਹੀ ਇਹ ਸਪਸ਼ਟ ਕਰਦਾ ਹੈ ਕਿ ਪੜ੍ਹਾਈ ਕਿਵੇਂ, ਕਿੱਥੇ ਅਤੇ ਕਿਸ ਤੋਂ ਕਰਨੀ ਹੈ। ਇਸ ਮੰਤਵ ਦੀ ਪੂਰਤੀ ਲਈ ਹੀ ਸਕੂਲਾਂ ਦੀ ਐਕਰੀਡਿਟੇਸ਼ਨ ਕਰਕੇ ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਅਧਿਐਨ ਕੇਂਦਰ ਸਥਾਪਿਤ ਕੀਤੇ ਜਾਂਦੇ ਹਨ ਜਿੱਥੇ ਵਿਦਿਆਰਥੀਆਂ ਲਈ ਵਿਅਕਤੀਗਤ ਸੰਪਰਕ ਪ੍ਰੋਗਰਾਮ ਰਾਹੀਂ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਲਾਗੂ ਪੜ੍ਹਾਈ ਸਕੀਮ ਦੇ ਵਿਸ਼ਿਆਂ ਲਈ ਰੈਗੂਲਰ ਵਿਦਿਆਰਥੀਆਂ ਵਾਲਾ ਪਾਠ-ਕ੍ਰਮ ਹੀ ਲਾਗੂ ਹੈ ਅਤੇ ਓਪਨ ਸਕੂਲ ਦੇ ਕੋਰਸਾਂ ਦੀ ਪਰੀਖਿਆ ਪਾਸ ਕਰਨ 'ਤੇ ਸਰਟੀਫ਼ਿਕੇਟ ਵੀ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਿੱਤਾ ਜਾਂਦਾ ਹੈ ਜੋ ਹਰ ਪੱਖੋਂ ਰੈਗੂਲਰ ਵਿਦਿਆਰਥੀਆਂ ਦੇ ਸਰਟੀਫ਼ਿਕੇਟ ਦੇ ਬਰਾਬਰ ਹੈ।

ਆਸ ਕਰਦੇ ਹਾਂ ਕਿ ਸਾਖਰਤਾ ਦੇ ਟੀਚੇ ਨੂੰ ਪੂਰਾ ਕਰਨ ਲਈ ਓਪਨ ਸਕੂਲ ਸਿੱਖਿਆ ਪ੍ਰਣਾਲੀ ਦਾ ਇਹ ਉਪਰਾਲਾ ਪੜ੍ਹਾਈ ਤੋਂ ਵਾਂਝੇ ਰਹੇ ਵਿਦਿਆਰਥੀਆਂ ਨੂੰ ਇੱਕ ਨਵੀਂ ਦਿਸ਼ਾ ਪ੍ਰਦਾਨ ਕਰੇਗਾ ਅਤੇ ਜੀਵਨ ਜਾਚ ਸਿਖਾ ਕੇ ਸਫ਼ਲ ਵਿਅਕਤੀ ਬਣ ਸਕਣ ਲਈ ਨਵੀਂ ਰਾਹ ਦਿਖਾਏਗਾ। ਇਸ ਸਿੱਖਿਆ ਪ੍ਰਣਾਲੀ ਵਿਚ ਹੋਰ ਸੁਧਾਰ ਲਿਆਉਣ ਹਿੱਤ ਖੇਤਰ ਤੋਂ ਆਏ ਸੁਝਾਵਾਂ ਦਾ ਬੋਰਡ ਵਲੋਂ ਸਤਿਕਾਰ ਕੀਤਾ ਜਾਵੇਗਾ।

ਚੇਅਰਮੈਨ,
ਪੰਜਾਬ ਸਕੂਲ ਸਿੱਖਿਆ ਬੋਰਡ,
ਸਾਹਿਬਜ਼ਾਦਾ ਅਜੀਤ ਸਿੰਘ ਨਗਰ।

# ਪੰਜਾਬ ਸਕੂਲ ਸਿੱਖਿਆ ਬੋਰਡ

## ਓਪਨ ਸਕੂਲ ਸਿੱਖਿਆ ਪ੍ਰਨਾਲੀ

## ਸੀਨੀਅਰ ਸੈਕੰਡਰੀ ਕੋਰਸ

(**ਅਕਾਦਮਿਕ ਸਾਲ** 2025-26)

## 1. ਉਦੇਸ਼

1.1 ਰਾਸ਼ਟਰੀ ਸਿੱਖਿਆ ਨੀਤੀ ਅਨੁਸਾਰ ਸਾਖਰਤਾ ਸਬੰਧੀ ਸਕੰਲਪ ਦੀ ਪ੍ਰਤੀ ਪੂਰਤੀ ਲਈ ਠੋਸ ਯਤਨ।

1.2 ਅਜਿਹੇ ਵਿਦਿਆਰਥੀਆਂ ਨੂੰ ਸਿੱਖਿਆ ਸੰਬੰਧੀ ਅਗਵਾਈ ਦੇਣਾ, ਜਿਹੜੇ ਰਸਮੀ ਸਿੱਖਿਆ ਪ੍ਰਨਾਲਿ ਰਾਹੀਂ ਕਿਸੇ ਕਾਰਨ ਸਿੱਖਿਆ ਪ੍ਰਾਪਤ ਕਰਨ ਤੋਂ ਵਾਂਝੇ ਰਹਿ ਜਾਂਦੇ ਹਨ।

1.3 ਮਨੁੱਖੀ ਜੀਵਨ ਵਿੱਚ ਸਿੱਖਿਆ ਦੀ ਨਿਰੰਤਰਤਾ ਕਾਇਮ ਕਰਨਾ।

1.4 ਚਿਰਕਾਲ ਤੋਂ ਚੱਲੀ ਆ ਰਹੀ ਅਧਿਆਪਕ ਕੇਂਦਰਤ ਪ੍ਰਨਾਲੀ ਵਿੱਚ ਕੁਝ ਕ੍ਰਾਂਤੀਕਾਰੀ ਪਰਿਵਰਤਨ ਕਰਕੇ ਸਵੈ-ਅਧਿਐਨ ਰਾਹੀਂ ਵਿਦਿਆਰਥੀਆਂ ਵਿੱਚ ਆਤਮ ਵਿਸ਼ਵਾਸ ਦੀ ਭਾਵਨਾ ਉਜਾਗਰ ਕਰਨਾ। ਮੌਲਿਕ ਚਿੰਤਨ, ਪਹਿਲ ਸ਼ਕਤੀ, ਕੰਮ ਕਰਨ ਵਿੱਚ ਸਵੈ-ਮਾਣ ਦੀ ਭਾਵਨਾ ਆਦਿ ਦੇ ਵਿਕਾਸ ਰਾਹੀਂ ਵਿਦਿਆਰਥੀਆਂ ਦੀ ਸ਼ਖ਼ਸੀਅਤ ਦਾ ਸਰਵ-ਪੱਖੀ ਵਿਕਾਸ ਕਰਨਾ।

1.5 ਬਹੁਤ ਘੱਟ ਖ਼ਰਚੇ ਨਾਲ ਸਿੱਖਿਆ ਨੂੰ ਹਰ ਇੱਕ ਵਿਦਿਆਰਥੀ ਦੇ ਦਰੋ-ਦੀਵਾਰ ਤੱਕ ਪਹੁੰਚਾਉਣਾ।

2. **ਵਿਸ਼ੇਸ਼ ਵਰਗ ਦੇ ਉਹ ਉਮੀਦਵਾਰ ਜਿਹੜੇ ਕਿਸੇ ਵੀ ਕਾਰਨ ਰਸਮੀ ਸਿੱਖਿਆ ਤੋਂ ਵਾਂਝੇ ਰਹਿ ਚੁੱਕੇ ਹੋਣ ਜਿਵੇਂ ਕਿ** :

- ਘਰ ਵਿੱਚ ਕੰਮ ਕਰਦੀਆਂ ਗ੍ਰਹਿਣੀਆਂ
- ਕਾਰਖਾਨਿਆਂ ਵਿੱਚ ਕੰਮ ਕਰਦੇ ਮਜਦੂਰ
- ਫ਼ੌਜੀ ਅਤੇ ਅਰਧ-ਸੈਨਿਕ ਦਸਤਿਆਂ ਦੇ ਜਵਾਨ
- ਖੇਤੀਬਾੜੀ ਕਰਦੇ ਕਿਸਾਨ
- ਨੌਕਰੀ ਸ਼ੁਦਾ ਲੜਕੇ ਅਤੇ ਲੜਕੀਆਂ
- ਅਨੁਸੂਚਿਤ ਤੇ ਪੱਛੜੀਆਂ ਜਾਤੀਆਂ
- ਦੂਰ ਦੁਰਾਡੇ ਰਹਿੰਦੇ ਲੋਕ
- ਦਿਵਿਆਂਗ (ਵਿਲੱਖਣ ਸਮਰੱਥਾ) ਦੇ ਵਰਗ ਵਾਲੇ ਉਮੀਦਵਾਰ ਜਿਹੜੇ ਰਸਮੀ ਸਿੱਖਿਆ ਪ੍ਰਨਾਲੀ ਰਾਹੀਂ ਸਿੱਖਿਆ ਗ੍ਰਹਿਣ ਕਰਨ ਵਿੱਚ ਔਖ ਮਹਿਸੂਸ ਕਰਦੇ ਹਨ।

## 3. ਕੋਰਸ ਦਾ ਸਮਾਂ

ਕੋਰਸ ਦਾ ਸਮਾਂ ਇੱਕ ਅਕਾਦਮਿਕ ਸਾਲ ਹੋਵੇਗਾ। ਪ੍ਰੀਖਿਆ ਸਾਲਾਨਾ ਪ੍ਰਨਾਲੀ ਅਧੀਨ ਫਰਵਰੀ-ਮਾਰਚ ਮਹੀਨੇ (ਭਾਵ ਬੋਰਡ ਵੱਲੋਂ ਜਾਰੀ ਹੋਣ ਵਾਲੇ ਸ਼ਡਿਊਲ ਅਨੁਸਾਰ) ਰੈਗੂਲਰ ਵਿਦਿਆਰਥੀਆਂ ਦੀ ਤਰਜ਼ ਤੇ ਹੀ ਹੋਵੇਗੀ।

## 4. ਦਾਖਲੇ ਲਈ ਯੋਗਤਾਵਾਂ

4.1 **ਪੰਜਾਬ ਜਾਂ ਚੰਡੀਗੜ੍ਹ (ਯੂ.ਟੀ.) ਦਾ ਵਸਨੀਕ ਹੋਵੇ।**

4.2 ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਤੁਲ ਕਿਸੇ ਦੂਜੇ ਬੋਰਡ (Ministry Of Education, Govt. of India ਵੱਲੋਂ ਜਾਰੀ ਸੂਚੀ ਅਨੁਸਾਰ) ਤੋਂ ਮੈਟ੍ਰਿਕ ਦੀ ਪਰੀਖਿਆ ਪਾਸ ਕੀਤੀ ਹੋਵੇ ਅਤੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਦਾਖਲਾ ਲੈਣ ਸਮੇਂ ਮੈਟ੍ਰਿਕ ਦੀ ਪਰੀਖਿਆ ਪਾਸ ਕਰਨ ਤੋਂ ਘੱਟ ਤੋਂ ਘੱਟ ਇੱਕ ਸਾਲ ਦੀ ਵਿੱਥ ਰੱਖਦਾ ਹੋਵੇ।

ਜਾਂ

ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਤੁਲ ਕਿਸੇ ਦੂਜੇ ਬੋਰਡ (Ministry Of Education, Govt. of India ਵੱਲੋਂ ਜਾਰੀ ਸੂਚੀ ਅਨੁਸਾਰ) ਤੋਂ ਮੈਟ੍ਰਿਕ ਦੀ ਪਰੀਖਿਆ ਪਾਸ ਕੀਤੀ ਹੋਵੇ ਅਤੇ ਸੀਨੀਅਰ ਸੈਕੰਡਰੀ ਕੋਰਸ ਦੀ ਪਰੀਖਿਆ ਦੇਣ ਸਮੇਂ ਤੱਕ ਦੋ ਅਕਾਦਮਿਕ ਸਾਲ ਦੀ ਵਿੱਥ ਰੱਖਦਾ ਹੋਵੇ।

ਜਾਂ

ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਤੁਲ ਕਿਸੇ ਦੂਜੇ ਬੋਰਡ (Ministry Of Education, Govt. of India ਵੱਲੋਂ ਜਾਰੀ ਸੂਚੀ ਅਨੁਸਾਰ) ਤੋਂ ਮੈਟ੍ਰਿਕੁਲੇਸ਼ਨ ਪਰੀਖਿਆ ਵਿੱਚ ਘੱਟੋ-ਘੱਟ ਦੋ ਅਕਾਦਮਿਕ ਸਾਲ ਪਹਿਲਾਂ ਕੰਪਾਰਟਮੈਂਟ/ਰੀਅਪੀਅਰ ਆਈ ਹੋਵੇ ਅਤੇ ਦਾਖਲਾ ਲੈਣ ਸਮੇਂ ਤੱਕ ਇਹ ਕੰਪਾਰਟਮੈਂਟ/ਰੀਅਪੀਅਰ ਪਾਸ ਕਰ ਲਈ ਹੋਵੇ। (ਰੀਅਪੀਅਰ ਜਾਂ ਕੰਪਾਰਟਮੈਂਟ ਉਮੀਦਵਾਰਾਂ ਲਈ 2 ਸਾਲ ਦੀ ਵਿੱਥ ਰੀਅਪੀਅਰ ਜਾਂ ਕੰਪਾਰਟਮੈਂਟ ਆਉਣ ਵਾਲੇ ਅਕਾਦਮਿਕ ਸਾਲ ਤੋਂ ਗਿਣੀ ਜਾਵੇਗੀ।)

ਜਾਂ

ਪੰਜਾਬ ਸਕੂਲ ਸਿੱਖਿਆ ਬੋਰਡ ਜਾਂ ਇਸ ਦੇ ਤੁਲ ਕਿਸੇ ਦੂਜੇ ਬੋਰਡ (Ministry Of Education, Govt. of India ਵੱਲੋਂ ਜਾਰੀ ਸੂਚੀ ਅਨੁਸਾਰ) ਤੋਂ ਸੀਨੀਅਰ ਸੈਕੰਡਰੀ ਦੀ ਪਰੀਖਿਆ ਵਿੱਚੋਂ ਫੇਲ੍ਹ ਉਮੀਦਵਾਰ।

ਜਾਂ

ਸੀਨੀਅਰ ਸੈਕੰਡਰੀ ਕੋਰਸ ਵਿੱਚ ਕੰਪਾਰਟਮੈਂਟ/ਰੀ-ਅਪੀਅਰ ਦੇ ਪ੍ਰਾਪਤ ਸਾਰੇ ਮੌਕੇ ਸਮਾਪਤ **ਹੋਣ ਉਪਰੰਤ ਪੜ੍ਹਾਈ ਕਰਨ ਦੇ ਇਛੁੱਕ ਵਿਦਿਆਰਥੀ।**

4.3 ਵਿਦਿਆਰਥੀ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਲਈ ਗਈ ਸੀਨੀਅਰ ਸੈਕੰਡਰੀ ਜਾਂ ਇਸ ਦੇ ਬਰਾਬਰ ਦੀ ਪਰੀਖਿਆ ਸਮਾਨ ਗਰੁੱਪ ਨਾਲ ਜਾਂ ਇਸ ਤੋਂ ਉਚੇਰੇ ਪੱਧਰ ਦੀ ਪਰੀਖਿਆ ਪਾਸ ਨਾ ਕੀਤੀ ਹੋਵੇ।

4.4 ਨੈਸ਼ਨਲ ਇੰਨਸਟੀਚਿਊਟ ਆਫ ਓਪਨ ਸਕੂਲਿੰਗ ਦਾ ਵਿਦਿਆਰਥੀ ਤਾਂ ਹੀ ਪੰਜਾਬ ਓਪਨ ਸਕੂਲ ਦੇ ਦਾਖਲੇ ਲਈ ਯੋਗ ਹੋਵੇਗਾ ਜੇਕਰ ਉਹ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਦੇ ਸੈਕੰਡਰੀ ਕੋਰਸ ਵਿੱਚ ਇੱਕ ਵਾਰੀ ਦਾਖ਼ਲ ਹੋਣ ਉਪਰੰਤ ਕੰਪਾਰਟਮੈਂਟ/ਰੀ-ਅਪੀਅਰ ਦੇ ਸਾਰੇ ਮੌਕੇ ਸਮਾਪਤ ਹੋ **ਚੁੱਕੇ ਹੋਣ ਅਤੇ ਵਿਦਿਆਰਥੀ ਦਾ ਨਤੀਜਾ ਫੇਲ੍ਹ ਘੋਸ਼ਿਤ ਹੋ ਚੁੱਕਾ ਹੋਵੇ।**

4.5 ਵਿਦਿਆਰਥੀ ਨੂੰ ਉਸੇ ਜ਼ਿਲ੍ਹੇ ਵਿੱਚ ਸਥਿਤ ਅਧਿਐਨ ਕੇਂਦਰ ਵਿੱਚ ਦਾਖਲਾ ਦਿੱਤਾ ਜਾਵੇਗਾ ਜਿਸ ਜ਼ਿਲ੍ਹੇ ਦਾ ਉਹ ਵਸਨੀਕ ਹੈ। ਜੇਕਰ ਕਿਸੇ ਵਿਦਿਆਰਥੀ ਦੇ ਨਿਵਾਸ ਸਥਾਨ ਤੋਂ ਉਸ ਦੇ ਜ਼ਿਲ੍ਹੇ ਵਿੱਚ ਸਥਿਤ ਅਧਿਐਨ ਕੇਂਦਰ 15 ਕਿ.ਮੀ. (ਸੜਕ ਰਸਤੇ) ਤੋਂ ਦੂਰ ਹੈ ਅਤੇ ਨੇੜੇ ਦੇ ਕਿਸੇ ਜ਼ਿਲ੍ਹੇ ਵਿੱਚ ਸਥਿਤ ਅਧਿਐਨ ਕੇਂਦਰ 15

ਕਿ.ਮੀ. ਤੋਂ ਨੇੜੇ ਹੈ ਜਾਂ ਉਸ ਜ਼ਿਲ੍ਹੇ ਵਿੱਚ ਕੋਰਸ ਦੀ ਜ਼ਰੂਰਤ ਅਨੁਸਾਰ ਅਧਿਐਨ ਕੇਂਦਰ ਨਹੀਂ ਹੈ ਤਾਂ ਵਿਦਿਆਰਥੀ ਬਾਹਰਲੇ ਜ਼ਿਲ੍ਹੇ ਵਿੱਚ ਦਾਖਲਾ ਲੈ ਸਕਦਾ ਹੈ ਪਰ ਅਜਿਹੇ ਵਿਦਿਆਰਥੀਆਂ ਨੂੰ ਦੂਸਰੇ ਜ਼ਿਲ੍ਹੇ ਵਿੱਚ ਦਾਖਲਾ ਲੈਣ ਲਈ ਕਾਰਨ ਦੱਸਦੇ ਹੋਏ ਸਬੂਤ ਵਜੋਂ ਦਸਤਾਵੇਜ਼ ਪੇਸ਼ ਕਰਦੇ ਹੋਏ ਦਰਖ਼ਾਸਤ ਦੇਣੀ ਪਵੇਗੀ ਜੋ ਪਿੰਡ ਦੇ ਸਰਪੰਚ/ਨਗਰਪਾਲਿਕਾ ਦੇ ਕੌਂਸਲਰ ਆਦਿ ਤੋਂ ਤਸਦੀਕ ਹੋਵੇ। ਉਸ ਵਿਦਿਆਰਥੀ ਨੂੰ ਆਰਜ਼ੀ ਦਾਖਲਾ ਦਿੱਤਾ ਜਾਵੇਗਾ। ਬੋਰਡ ਵਿੱਚ ਦਸਤਾਵੇਜ਼ਾਂ ਦੀ ਪੜਤਾਲ ਉਪਰੰਤ ਦਸਤਾਵੇਜ਼ ਸਹੀ ਹੋਣ ਤੇ ਹੀ ਦਾਖਲਾ ਫਾਈਨਲ ਸਮਝਿਆ ਜਾਵੇਗਾ।

**ਸੰਬੰਧਤ ਜ਼ਿਲ੍ਹੇ ਦੇ ਵਸਨੀਕ ਹੋਣ ਵੱਜੋਂ ਹੇਠ ਲਿਖੇ ਦਸਤਾਵੇਜ਼ਾਂ ਵਿੱਚੋਂ ਕੋਈ ਦੋ ਦਸਤਾਵੇਜ਼ ਮੰਨਣਯੋਗ ਹੋਣਗੇ। ਇਨ੍ਹਾਂ ਦਸਤਾਵੇਜ਼ਾਂ ਵਿੱਚੋਂ ਇੱਕ, ਵਿਦਿਆਰਥੀ ਦਾ ਆਧਾਰ ਕਾਰਡ ਹੋਣਾ ਲਾਜ਼ਮੀ ਹੋਵੇਗਾ :-**

(ੳ) ਮਾਪਿਆਂ ਦਾ ਜਾਂ ਆਪਣਾ ਰਾਸ਼ਨ ਕਾਰਡ ਜੋ ਦਾਖਲੇ ਸਮੇਂ ਚਲੰਤ ਵਿੱਚ ਹੋਵੇ।

(ਅ) ਵਿਦਿਆਰਥੀ ਦਾ ਵੋਟਰ ਕਾਰਡ ਜਾਂ ਪਾਸਪੋਰਟ।

(ੲ) ਉਸ ਸਰਕਾਰੀ/ਅਰਧ ਸਰਕਾਰੀ ਅਦਾਰੇ ਦੇ ਸਮਰੱਥ ਅਧਿਕਾਰੀ ਦੁਆਰਾ ਜਾਰੀ ਸ਼ਨਾਖਤੀ ਕਾਰਡ ਜਾਂ ਸਰਟੀਫ਼ਿਕੇਟ ਜਿੱਥੇ ਉਮੀਦਵਾਰ ਨੌਕਰੀ ਕਰਦਾ ਹੋਵੇ।

(ਸ) ਮਾਪਿਆਂ ਦਾ ਜਾਂ ਆਪਣਾ ਪੱਕੇ ਪਤੇ ਦਾ ਹਲਫੀਆ ਬਿਆਨ ਪੱਕੇ ਕਾਗਜ਼ ਉੱਤੇ ਜੋ ਸੰਬੰਧਿਤ ਪਿੰਡ ਦੇ ਸਰਪੰਚ/ਪੰਚ, ਨਗਰਪਾਲਿਕਾ ਜਾਂ ਨਗਰ ਦੇ ਕੌਂਸਲਰ ਆਦਿ ਦੁਆਰਾ ਤਸਦੀਕ ਸ਼ੁਦਾ ਹੋਵੇ।

(ਹ) ਕਿਸੇ ਸਰਕਾਰੀ/ਅਰਧ ਸਰਕਾਰੀ ਅਦਾਰੇ ਦੁਆਰਾ ਜਾਰੀ ਦਸਤਾਵੇਜ਼ ਜਿਸ ਉਤੇ ਵਿਦਿਆਰਥੀ ਦੇ ਮਾਪਿਆਂ/ਸਰਪਰੱਸਤ ਦਾ ਪਤਾ ਦਰਜ ਹੋਵੇ।

## 5. ਜ਼ਿਲ੍ਹਾ ਕੋਡ

ਵੱਖ-ਵੱਖ ਜ਼ਿਲਿਆਂ ਲਈ ਹੇਠ ਲਿਖੇ ਅਨੁਸਾਰ ਕੋਡ ਨਿਰਧਾਰਿਤ ਹਨ। ਦਾਖ਼ਲਾ ਫ਼ਾਰਮ ਭਰਦੇ ਸਮੇਂ ਠੀਕ ਕੋਡ ਭਰਿਆ ਜਾਵੇ:-

| ਲੜੀ ਨੰ: | ਜ਼ਿਲ੍ਹਾ | ਕੋਡ ਨੰ: | ਲੜੀ ਨੰ: | ਜ਼ਿਲ੍ਹਾ | ਕੋਡ ਨੰ: | ਲੜੀ ਨੰ: | ਜ਼ਿਲ੍ਹਾ | ਕੋਡ ਨੰ: |
|---|---|---|---|---|---|---|---|---|
| 1. | ਸ੍ਰੀ ਅੰਮ੍ਰਿਤਸਰ ਸਾਹਿਬ | 010 | 9. | ਜਲੰਧਰ | 080 | 17. | ਰੂਪ ਨਗਰ | 160 |
| 2. | ਬਠਿੰਡਾ | 020 | 10. | ਕਪੂਰਥਲਾ | 090 | 18. | ਸਾਹਿਬਜ਼ਾਦਾ ਅਜੀਤ ਸਿੰਘ ਨਗਰ | 165 |
| 3. | ਬਰਨਾਲਾ | 025 | 11. | ਲੁਧਿਆਣਾ | 100 | 19. | ਸੰਗਰੂਰ | 170 |
| 4. | ਫ਼ਰੀਦਕੋਟ | 030 | 12. | ਮਾਨਸਾ | 110 | 20. | ਤਰਨ ਤਾਰਨ | 175 |
| 5. | ਫ਼ਤਿਹਗੜ੍ਹ ਸਾਹਿਬ | 040 | 13. | ਮੋਗਾ | 120 | 21. | ਫ਼ਾਜ਼ਿਲਕਾ | 045 |
| 6. | ਫ਼ਿਰੋਜ਼ਪੁਰ | 050 | 14. | ਸ੍ਰੀ ਮੁਕਤਸਰ ਸਾਹਿਬ | 130 | 22. | ਪਠਾਨਕੋਟ | 145 |
| 7. | ਗੁਰਦਾਸਪੁਰ | 060 | 15. | ਸ਼ਹੀਦ ਭਗਤ ਸਿੰਘ ਨਗਰ | 140 | 23. | ਮਲੇਰਕੋਟਲਾ | 105 |
| 8. | ਹੁਸ਼ਿਆਰਪੁਰ | 070 | 16. | ਪਟਿਆਲਾ | 150 | | | |

## 6. ਦਾਖ਼ਲੇ ਦੀ ਪ੍ਰਕਿਰਿਆ ਮਿਤੀਆਂ ਅਤੇ ਫ਼ੀਸਾਂ

- **ਦਾਖਲੇ ਦੀ ਪ੍ਰਕਿਰਿਆ**

1 ਪੰਜਾਬ ਬੋਰਡ ਦੀ ਮੈਟ੍ਰਿਕੁਲੇਸ਼ਨ ਵਿੱਚੋਂ ਪਾਸ ਜਾਂ ਸੀਨੀਅਰ ਸੈਕੰਡਰੀ ਵਿੱਚ ਫੇਲ੍ਹ ਵਿਦਿਆਰਥੀ ਯੋਗਤਾ ਪੂਰੀ ਕਰਨ ਤੇ ਮੁੱਖ ਨਤੀਜਾ ਐਲਾਨੇ ਜਾਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਬਿਨਾਂ ਲੇਟ ਫ਼ੀਸ ਦਾਖ਼ਲਾ ਲੈ ਸਕਦੇ ਹਨ।

2 ਓਪਨ ਸਕੂਲ ਪ੍ਰਨਾਲੀ ਵਿੱਚ ਵਿਦਿਆਰਥੀ ਵੱਲੋਂ ਆਪਣਾ ਦਾਖਲਾ ਹੇਠ ਦਰਜ ਪ੍ਰਕਿਰਿਆਵਾਂ ਵਿੱਚੋਂ ਕਿਸੇ ਵੀ ਪ੍ਰਕਿਰਿਆ ਰਾਹੀਂ ਲੈ ਸਕਦਾ ਹੈ:

(ੳ) ਆਨਲਾਈਨ ਪੋਰਟਲ ਰਾਹੀਂ ਸਿੱਧਾ ਦਾਖਲਾ

(ਅ) ਐਕਰੀਡਿਟਿਡ ਸੰਸਥਾਵਾਂ ਰਾਹੀਂ ਦਾਖਲਾ

(ੲ) ਬੋਰਡ ਦੇ ਖੇਤਰੀ ਦਫਤਰਾਂ ਰਾਹੀਂ ਦਾਖਲਾ

ਨੋਟ : **ਵਿਦਿਆਰਥੀ ਆਪਣੇ ਦਾਖਲਾ ਫਾਰਮ ਵਿੱਚ ਆਪਣਾ ਖੁਦ ਦਾ ਸਹੀ ਫੋਨ ਨੰਬਰ ਭਰਨਾ ਸੁਨਿਸ਼ਚਿਤ ਕਰੇਗਾ। ਨਿਜੀ ਫੋਨ ਨੰਬਰ ਨਾ ਹੋਣ ਦੀ ਸੂਰਤ ਵਿੱਚ ਆਪਣੇ ਨਜ਼ਦੀਕੀ ਸਾਕ-ਸਬੰਧੀ ਦਾ ਫੋਨ ਨੰਬਰ ਭਰਨਾ ਯਕੀਨੀ ਬਣਾਇਆ ਜਾਵੇ। ਫੋਨ ਨੰਬਰ ਸਹੀ ਨਾ ਹੋਣ ਦੀ ਸੂਰਤ ਵਿੱਚ ਡਿਜੀਲੌਕਰ** (Digi Locker) **ਤੇ ਸਰਟੀਫਿਕੇਟ ਡਾਊਨਲੋਡ ਕਰਨ ਦੀ ਸਮੁੱਚੀ ਜਿੰਮੇਵਾਰੀ ਵਿਦਿਆਰਥੀ ਦੀ ਆਪਣੀ ਹੋਵੇਗੀ। ਜੇਕਰ ਕਿਸੇ ਵੀ ਪੱਧਰ ਤੇ ਵਿਦਿਆਰਥੀ ਦਾ ਸਹੀ ਫੋਨ ਨੰਬਰ ਉਪਲਬਧ ਨਹੀਂ ਹੁੰਦਾ ਤਾਂ ਉਸ ਵਿਦਿਆਰਥੀ ਦਾ ਪ੍ਰੀਖਿਆ ਫਾਰਮ/ਪ੍ਰੀਖਿਆ ਰੱਦ ਕੀਤੀ ਜਾ ਸਕਦੀ ਹੈ ਅਤੇ ਇਸ ਸੂਰਤ ਵਿੱਚ ਵਿਦਿਆਰਥੀ ਵੱਲੋਂ ਅਦਾ ਕੀਤੀ ਫੀਸ ਬੋਰਡ ਵੱਲੋਂ ਰਿਫੰਡ ਨਹੀਂ ਕੀਤੀ ਜਾਵੇਗੀ।**

3. ਵਿਦਿਆਰਥੀ ਆਪਣੇ ਸਾਰੇ ਵੇਰਵੇ ਵਿਸ਼ਿਆਂ ਸਮੇਤ ਆਨਲਾਈਨ ਭਰੇਗਾ। **ਦਾਖਲਾ ਫ਼ੀਸ ਆਨਲਾਈਨ ਬੋਰਡ ਵੱਲੋਂ ਨਿਰਧਾਰਿਤ ਵਿਧੀ ਰਾਹੀਂ** ਲਈ ਜਾਵੇਗੀ। ਪੂਰਾ ਫ਼ਾਰਮ ਭਰਨ ਉਪਰੰਤ ਫਾਈਨਲ ਸਬਮਿਸ਼ਨ ਹੋ ਜਾਵੇਗੀ ਅਤੇ ਵਿਦਿਆਰਥੀ ਦੇ ਸਾਰੇ ਵੇਰਵੇ ਲਾਕ ਹੋ ਜਾਣਗੇ। ਵਿਦਿਆਰਥੀ ਆਨਲਾਈਨ ਵਿਧੀ ਰਾਹੀਂ ਫ਼ੀਸ ਜਮ੍ਹਾਂ ਕਰਵਾਏਗਾ। **ਫ਼ੀਸ ਜਮ੍ਹਾਂ ਹੋਣ ਤੋਂ ਬਾਅਦ ਵਿਦਿਆਰਥੀ ਦਾ ਫ਼ਾਰਮ ਸਿੱਧਾ ਉਸ ਨੂੰ ਅਲਾਟ ਹੋਏ ਅਧਿਐਨ ਕੇਂਦਰ ਵਿੱਚ ਡਾਊਨਲੋਡ ਹੋ ਸਕੇਗਾ। ਫਾਰਮ ਪੂਰਾ ਭਰੇ ਜਾਣ ਤੋਂ ਬਾਅਦ ਸਲਿੱਪ ਜਨਰੇਟ ਹੋਵੇਗੀ, ਜਿਸ ਉੱਤੇ ਅਲਾਟ ਹੋਏ ਅਧਿਐਨ ਕੇਂਦਰ ਦਾ ਨਾਂ ਦਰਜ ਹੋਵੇਗਾ। ਇਸ ਸਲਿੱਪ ਅਤੇ ਦਾਖਲੇ ਦੀ ਯੋਗਤਾ ਸਬੰਧੀ ਦਸਤਾਵੇਜ਼ਾਂ ਨੂੰ ਲੈ ਕੇ 7 ਦਿਨ ਦੇ ਅੰਦਰ-ਅੰਦਰ ਵਿਦਿਆਰਥੀ ਵੱਲੋਂ ਆਪਣੇ ਅਧਿਐਨ ਕੇਂਦਰ ਨਾਲ ਸੰਪਰਕ ਕੀਤਾ ਜਾਵੇ। 7 ਦਿਨਾਂ ਤੱਕ ਅਧਿਐਨ ਕੇਂਦਰ ਨੂੰ ਸੰਪਰਕ ਨਾ ਕਰਨ ਤੇ ਵਿਦਿਆਰਥੀ ਦਾ ਦਾਖਲਾ ਰੱਦ ਵੀ ਹੋ ਸਕਦਾ ਹੈ। ਅਧਿਐਨ ਕੇਂਦਰ ਵੱਲੋਂ ਦਾਖਲਾ ਕਮ ਪ੍ਰੀਖਿਆ ਫ਼ਾਰਮ ਦੀ ਡਾਊਨਲੋਡ ਕੀਤੀ ਇੱਕ ਕਾਪੀ ਲੋੜੀਂਦੇ ਦਸਤਾਵੇਜ਼ਾਂ (ਲੜੀ ਨੰ: 7 ਅਨੁਸਾਰ ਸਮੇਤ ਨਿਰਧਾਰਿਤ ਮਿਤੀ ਤੱਕ ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇਗੀ।**

4. ਵਿਦਿਆਰਥੀ ਦਾ ਸ਼ਨਾਖਤੀ ਕਾਰਡ ਅਧਿਐਨ ਕੇਂਦਰ ਵੱਲੋਂ ਡਾਊਨਲੋਡ ਕਰਕੇ ਤਸਦੀਕ ਕਰਨ ਉਪਰੰਤ ਵਿਦਿਆਰਥੀ ਨੂੰ ਦਿੱਤਾ ਜਾਵੇਗਾ। ਜਦੋਂ ਵੀ ਵਿਦਿਆਰਥੀ ਅਧਿਐਨ ਕੇਂਦਰ ਦੇ ਵਿੱਚ ਆਉਂਦਾ ਹੈ ਤਾਂ ਸ਼ਨਾਖਤੀ ਕਾਰਡ ਆਪਣੇ ਨਾਲ ਲੈ ਕੇ ਆਵੇ ਨਹੀਂ ਤਾਂ ਉਸ ਨੂੰ ਅਧਿਐਨ ਕੇਂਦਰ ਵਿੱਚ ਪ੍ਰਵੇਸ਼ ਕਰਨ ਤੋਂ ਰੋਕਿਆ ਵੀ ਜਾ ਸਕਦਾ ਹੈ।

5. ਅਕਾਦਮਿਕ ਸਾਲ 2025-26 ਲਈ ਵਿਦਿਆਰਥੀਆਂ ਤੋਂ 31 ਅਗਸਤ, 2025 ਤੱਕ ਅਧਿਐਨ ਕੇਂਦਰ ਬਦਲੀ ਸਬੰਧੀ ਕੋਈ ਫੀਸ ਨਹੀਂ ਲਈ ਜਾਵੇਗੀ। ਇਸ ਤੋ ਬਾਅਦ ਅਧਿਐਨ ਕੇਂਦਰ ਦੀ ਬਦਲੀ ਕਰਵਾਉਣ ਤੇ 500/-ਰੁਪਏ ਫੀਸ ਲਾਗੂ ਹੋਵੇਗੀ।

6 ਦਾਖਲਾ ਫੀਸ/ਪ੍ਰੀਖਿਆ ਫੀਸ ਸ਼ਡਿਊਲ ਅਨੁਸਾਰ ਅਧਿਐਨ ਕੇਂਦਰ ਬਦਲੀ ਸਬੰਧੀ ਫੀਸਾਂ ਵਿੱਚ ਬੋਰਡ ਦੀ ਨੀਤੀ ਅਨੁਸਾਰ ਵਾਧਾ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਸਮੇਂ-ਸਮੇਂ ਤੇ ਸਮਰੱਥ ਅਥਾਰਟੀ ਤੋਂ ਦਿੱਤੀ ਪ੍ਰਵਾਨਗੀ ਅਨੁਸਾਰ ਲੋੜੀਂਦੀ ਸੋਧ ਕੀਤੀ ਜਾ ਸਕਦੀ ਹੈ।

7. ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਵਿਸ਼ੇਸ਼ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਦਾਖਲਾ ਅਤੇ ਪ੍ਰੀਖਿਆ ਫ਼ੀਸਾਂ ਤੇ ਮਿਤੀਆਂ ਵਿੱਚ ਤਬਦੀਲੀ ਕਰ ਸਕਦੇ ਹਨ।

**ਦਾਖ਼ਲੇ ਦੀਆਂ ਮਿਤੀਆਂ ਅਤੇ ਫ਼ੀਸਾਂ (ਨੋਟੀਫੀਕੇਸ਼ਨ ਨੰਬਰ (283287) ਪਸਸਬ-ਸ.ਸ.ਲੇਖਾ/ਲੇਖਾ-3/2025/153-154 ਮਿਤੀ 07-04-2025)**

**ਵਿਸ਼ੇਸ਼ ਨੋਟ :** ਬੋਰਡ ਵੱਲੋਂ ਆਨਲਾਈਨ ਵਿਧੀ ਰਾਹੀਂ ਲਈ ਗਈ ਫ਼ੀਸ ਹੀ ਵਿਦਿਆਰਥੀ ਦੀ ਕੁੱਲ ਦਾਖਲਾ ਅਤੇ ਪ੍ਰੀਖਿਆ ਫ਼ੀਸ ਹੈ। ਅਧਿਐਨ ਕੇਂਦਰ ਨੂੰ ਕਿਸੇ ਕਿਸਮ ਦੀ ਕੋਈ ਫ਼ੀਸ ਨਾ ਦਿੱਤੀ ਜਾਵੇ।

| ਮਿਤੀਆਂ ਅਤੇ ਫ਼ੀਸਾਂ ਦਾ ਵੇਰਵਾ | ਦਾਖਲਾ ਫੀਸ ਪ੍ਰਤੀ ਵਿਦਿਆਰਥੀ | ਪ੍ਰੀਖਿਆ ਫੀਸ ਪ੍ਰਤੀ ਵਿਦਿਆਰਥੀ |
|---|---|---|
| ਦਾਖਲਾ ਫੀਸ | 2750/- ਰੁਪਏ | • 1900/-ਰੁ: ਪ੍ਰੀਖਿਆ ਫੀਸ ਸਮੇਤ ਪ੍ਰਯੋਗੀ ਪ੍ਰੀਖਿਆ<br>• ਵਾਧੂ ਵਿਸ਼ਾ ਪ੍ਰੀਖਿਆ ਫੀਸ-400/-ਰੁ: ਪ੍ਰਤੀ ਵਿਸ਼ਾ |
| ਐਸ.ਸੀ./ਬੀ.ਸੀ./ਦਿਵਿਆਂਗ (ਵਿਲੱਖਣ ਸਮਰੱਥਾ) ਲੜਕੇ ਅਤੇ ਸਮੂਹ ਲੜਕੀਆਂ ਲਈ ਦਾਖ਼ਲਾ ਫ਼ੀਸ | 2700/- ਰੁਪਏ | |
| Benchmark disability ਦਿਵਿਆਂਗ (40% ਅਤੇ 40% ਤੋਂ ਵੱਧ)<br>ਡਿਸਬਿਲਟੀ ਸਰਟੀਫਿਕੇਟ (Disability Certificate) ਦੀ ਫੋਟੋ ਕਾਪੀ ਨਾਲ ਨੱਥੀ ਕੀਤੀ ਜਾਵੇ। | 31 ਮਾਰਚ 2026 ਨੂੰ 18 ਸਾਲ ਤੱਕ ਦੇ ਵਿਦਿਆਰਥੀਆਂ ਨੂੰ ਫੀਸਾਂ ਵਿੱਚ ਛੋਟ ਹੈ। | |
| ਵਾਧੂ ਵਿਸ਼ਾ ਦਾਖ਼ਲਾ ਫ਼ੀਸ (ਪ੍ਰਤੀ ਵਿਸ਼ਾ) | 400/- ਰੁਪਏ | |
| ਨਵੀਂ ਰਜਿਸਟ੍ਰੇਸ਼ਨ ਫ਼ੀਸ | 250/- ਰੁਪਏ | |
| ਰਜਿਸਟ੍ਰੇਸ਼ਨ ਜਾਰੀ ਰੱਖਣ ਲਈ ਕੰਟੀਨਿਊਸ਼ਨ ਫ਼ੀਸ | 200/- ਰੁਪਏ | |
| **ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ ਫ਼ੀਸ** | 1100/- ਰੁਪਏ | |
| ਫ਼ਾਰਮ ਜੇਕਰ ਡਾਊਨਲੋਡ ਕੀਤਾ ਹੋਵੇ ਤਾਂ ਫ਼ੀਸ | 100/-ਰੁਪਏ ਪ੍ਰਤੀ ਫ਼ਾਰਮ | |

| | | |
|---|---|---|
| Certificate and migration Certificate hard copy fees<br>ਸਰਟੀਫਿਕੇਟ ਅਤੇ ਮਾਈਗਰੇਸ਼ਨ ਸਰਟੀਫਿਕੇਟ ਦੀ ਹਾਰਡ ਕਾਪੀ ਫੀਸ | 270/-ਰੁਪਏ | |

## 7. ਦਾਖਲੇ ਸਮੇਂ ਵਿਦਿਆਰਥੀ ਦੁਆਰਾ ਦਾਖਲਾ ਕਮ ਪ੍ਰੀਖਿਆ ਫ਼ਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼

| ਲੜੀ ਨੰ: | ਦਸਤਾਵੇਜ਼ | ਫੋਟੋ ਕਾਪੀਆਂ ਦੀ ਗਿਣਤੀ |
|---|---|---|
| 1 | ਦਾਖਲੇ ਅਤੇ ਜਨਮ ਮਿਤੀ ਲਈ ਯੋਗਤਾ ਨਿਯਮ 4 ਅਨੁਸਾਰ ਪੇਸ਼ ਕੀਤੇ ਦਸਤਾਵੇਜ਼ | ਦੋ ਕਾਪੀਆਂ |
| 2 | ਵਿਸ਼ਿਆਂ ਦਾ ਕਰੈਡਿਟ ਕੈਰੀ ਕਰਨ ਲਈ ਪੇਸ਼ ਕੀਤੇ ਸਰਟੀਫ਼ਿਕੇਟ | ਦੋ-ਦੋ ਫੋਟੋ ਕਾਪੀਆਂ |
| 3 | ਐਸ.ਸੀ./ਬੀ.ਸੀ./ਦਿਵਿਆਂਗ **ਵਿਦਿਆਰਥੀਆਂ** ਹੋਣ ਦੀ ਸੂਰਤ ਵਿੱਚ ਅਸਲ ਸਰਟੀਫ਼ਿਕੇਟ | ਦੋ ਫੋਟੋ ਕਾਪੀਆਂ |
| 4 | ਜ਼ਿਲ੍ਹੇ ਦਾ ਵਸਨੀਕ ਹੋਣ ਦੇ ਸਬੂਤ ਵਜੋਂ ਨਿਯਮ 4.5 ਅਨੁਸਾਰ ਕੋਈ ਇੱਕ ਸਰਟੀਫ਼ਿਕੇਟ | ਦੋ ਫੋਟੋ ਕਾਪੀਆਂ |
| 5 | ਆਪਣੇ ਜਿਲ੍ਹੇ ਤੋਂ ਬਾਹਰਲੇ ਜ਼ਿਲ੍ਹੇ ਵਿੱਚ ਦਾਖਲਾ ਲੈਣ ਲਈ ਲੋੜੀਂਦੇ ਦਸਤਾਵੇਜ਼ | ਦੋ ਫੋਟੋ ਕਾਪੀਆਂ |

**ਨੋਟ : ਉਪਰੋਕਤ ਦਸਤਾਵੇਜ਼ਾਂ ਦੇ ਦੋ ਸੈੱਟ ਬਣਾ ਕੇ ਅਧਿਐਨ ਕੇਂਦਰ ਵਿੱਚ ਜਮ੍ਹਾਂ ਕਰਵਾਏ ਜਾਣ।**

## 8. ਪੜ੍ਹਾਈ ਸਕੀਮ

ਸੀਨੀਅਰ ਸੈਕੰਡਰੀ ਕੋਰਸ ਵਿੱਚ ਚਾਰ ਗਰੁੱਪ ਲਾਗੂ ਹਨ: ਹਿਊਮੈਨੀਟੀਜ਼, ਕਾਮਰਸ, ਸਾਇੰਸ (ਕੇਵਲ ਫੇਲ੍ਹ ਵਿਦਿਆਰਥੀਆਂ ਲਈ) ਅਤੇ ਮਿਸ਼ਰਿਤ ਗਰੁੱਪ। ਵਿਦਿਆਰਥੀ ਹਿਊਮੈਨੀਟੀਜ਼ ਜਾਂ ਕਾਮਰਸ ਜਾਂ ਸਾਇੰਸ ਜਾਂ ਮਿਸ਼ਰਿਤ ਗਰੁੱਪ ਵਿੱਚੋਂ ਕਿਸੇ ਇੱਕ ਗਰੁੱਪ ਦੀ ਚੋਣ ਕਰ ਸਕਦਾ ਹੈ।

### 8.1 ਪੜ੍ਹਾਈ ਵਿਸ਼ੇ:

| ਵਿਸ਼ਾ ਕੋਡ | ਵਿਸ਼ੇ ਦਾ ਨਾਂ | ਲਿਖਤੀ | ਪ੍ਰਯੋਗੀ | ਆਈ.ਐਨ.ਏ | ਕੁੱਲ ਅੰਕ |
|---|---|---|---|---|---|
| **ਲਾਜ਼ਮੀ ਵਿਸ਼ੇ** | | | | | |
| 001 | ਅੰਗਰੇਜ਼ੀ ਲਾਜ਼ਮੀ | 80 | - | 20 | 100 |
| 002<br>003 | ਪੰਜਾਬੀ ਲਾਜ਼ਮੀ (ਜਾਂ)<br>ਪੰਜਾਬ ਹਿਸਟਰੀ ਐਂਡ ਕਲਚਰ | 80 | - | 20 | 100 |
| **ਨੋਟ: ਪੰਜਾਬ ਹਿਸਟਰੀ ਐਂਡ ਕਲਚਰ ਵਿਸ਼ਾ ਰੈਗੂਲਰ ਵਿਦਿਆਰਥੀਆਂ ਲਈ ਲਾਗੂ ਸ਼ਰਤਾਂ ਅਧੀਨ ਹੀ ਲਿਆ ਜਾ ਸਕੇਗਾ।** | | | | | |
| **ਚੋਣਵੇਂ ਵਿਸ਼ੇ** | | | | | |
| **ਹਿਊਮੈਨੀਟੀਜ਼ ਗਰੁੱਪ (301) ਲਈ ਕੋਈ ਤਿੰਨ ਵਿਸ਼ੇ ਚੁਣੋ ਪਰ ਵਿਦਿਆਰਥੀ ਚੋਣਵੀਂਆਂ ਭਾਸ਼ਾਵਾਂ ਅਤੇ ਤਿੰਨੋ ਸੰਗੀਤ** | | | | | |

| | | | | | |
|---|---|---|---|---|---|
| ਵੰਨਗੀਆਂ ਵਿੱਚੋਂ ਇੱਕ-ਇੱਕ ਵਿਸ਼ਾ ਹੀ ਚੁਣ ਸਕਦੇ ਹਨ। | | | | | |
| 004 | ਚੋਣਵੀਂ ਪੰਜਾਬੀ | 80 | - | 20 | 100 |
| 005 | ਹਿੰਦੀ | 80 | - | 20 | 100 |
| 025 | ਇਤਿਹਾਸ | 80 | - | 20 | 100 |
| 026 | ਅਰਥ ਸ਼ਾਸਤਰ | 80 | - | 20 | 100 |
| 028 | ਗਣਿਤ | 80 | - | 20 | 100 |
| 031 | ਰਾਜਨੀਤੀ ਸ਼ਾਸਤਰ | 80 | - | 20 | 100 |
| 032 | ਸਮਾਜ ਸ਼ਾਸਤਰ | 80 | - | 20 | 100 |
| 035 | ਧਰਮ | 80 | - | 20 | 100 |
| 036 | ਸੰਗੀਤ (ਗਾਇਨ) | 45 | 50 | 5 | 100 |
| 037 | ਸੰਗੀਤ (ਵਾਦਨ) | 45 | 50 | 5 | 100 |
| 038 | ਸੰਗੀਤ (ਤਬਲਾ) | 45 | 50 | 5 | 100 |
| 042 | ਭੂਗੋਲ | 70 | 25 | 5 | 100 |
| 045 | ਗ੍ਰਹਿ ਵਿਗਿਆਨ | 70 | 25 | 5 | 100 |
| 049 | ਸਰੀਰਕ ਸਿੱਖਿਆ ਅਤੇ ਖੇਡਾਂ | 50 | 40 | 10 | 100 |
| 065 | ਖੇਤੀ-ਬਾੜੀ | 70 | 25 | 5 | 100 |
| 072 | ਕੰਪਿਊਟਰ ਐਪਲੀਕੇਸ਼ਨ | 60 | 35 | 5 | 100 |
| 150 | ਮੀਡੀਆ ਸਟਡੀਜ਼ | 80 | - | 20 | 100 |
| 006 | ਚੋਣਵੀਂ ਅੰਗਰੇਜ਼ੀ | 80 | - | 20 | 100 |
| 007 | ਉਰਦੂ (ਚੋਣਵਾਂ ਵਿਸ਼ਾ) | 80 | - | 20 | 100 |
| 019 | ਸੰਸਕ੍ਰਿਤ | 80 | - | 20 | 100 |
| 023 | ਫਰੈਂਚ | 80 | - | 20 | 100 |
| 024 | ਜਰਮਨ | 80 | - | 20 | 100 |
| 033 | ਪਬਲਿਕ ਐਡਮਿਨਸਟ੍ਰੇਸ਼ਨ | 80 | - | 20 | 100 |
| 041 | ਫਿਲਾਸਫੀ | 80 | - | 20 | 100 |
| 043 | ਡਿਫੈਂਸ ਸਟਡੀਜ਼ | 80 | - | 20 | 100 |
| 044 | ਸਾਇਕੋਲੋਜੀ | 70 | 25 | 05 | 100 |
| | **ਵਾਧੂ ਵਿਸ਼ੇ** | | | | |
| 146 | ਕੰਪਿਊਟਰ ਸਾਇੰਸ | 50 | 45 | 5 | 100 |
| 139 | ਵਾਤਾਵਰਣ ਸਿੱਖਿਆ | 40 | | 10 | 50 |
| ਕਾਮਰਸ ਗਰੁੱਪ (303) ਲਈ ਹੇਠ ਲਿਖੇ ਤਿੰਨ ਵਿਸ਼ੇ ਚੁਣੋ | | | | | |
| 141 | ਬਿਜ਼ਨਸ ਸਟਡੀਜ਼-II | 80 | | 20 | 100 |
| 142 | ਅਕਾਊਂਟੈਂਸੀ-II | 80 | 15 | 05 | 100 |

| | | | | | |
|---|---|---|---|---|---|
| 026 | ਇਕਨਾਮਿਕਸ | 80 | – | 20 | 100 |
| 144 | ਜਾਂ<br>ਫੰਡਾਮੈਂਟਲ ਆਫ ਈ–ਬਿਜ਼ਨਸ | 80 | 15 | 05 | 100 |
| **ਸਾਇੰਸ ਗਰੁੱਪ (302) ਵਿੱਚੋਂ ਕੋਈ ਤਿੰਨ ਵਿਸ਼ੇ (ਕੇਵਲ +2 ਸਾਇੰਸ ਵਿੱਚ ਫੇਲ੍ਹ ਵਿਦਿਆਰਥੀਆਂ ਲਈ)** | | | | | |
| 52 | ਭੌਤਿਕ ਵਿਗਿਆਨ | 70 | 25 | 5 | 100 |
| 53 | ਰਸਾਇਣ ਵਿਗਿਆਨ | 70 | 25 | 5 | 100 |
| 54 | ਜੀਵ ਵਿਗਿਆਨ (ਜਾਂ) | 70 | 25 | 5 | 100 |
| 28 | ਗਣਿਤ | 80 | – | 20 | 100 |
| **ਮਿਸ਼ਰਿਤ ਗਰੁੱਪ (306) ਕੋਈ ਤਿੰਨ ਵਿਸ਼ੇ** | | | | | |
| ਇਸ ਗਰੁੱਪ ਅਧੀਨ ਵਿਦਿਆਰਥੀ ਹਿਊਮੈਨਿਟੀਜ਼ ਗਰੁੱਪ (301) ਵਿੱਚੋਂ ਦੋ ਅਤੇ ਸਾਇੰਸ (302) ਗਰੁੱਪ ਵਿੱਚੋਂ ਇੱਕ ਵਿਸ਼ਾ ਚੁਣ ਸਕਦਾ ਹੈ। | | | | | |

**ਨੋਟ:**

1. ਸੀਨੀਅਰ ਸੈਕੰਡਰੀ ਪੱਧਰ ਤੇ ਸਾਇੰਸ ਵਿਸ਼ੇ ਕੇਵਲ ਸਾਇੰਸ ਗਰੁੱਪ ਵਿੱਚੋਂ ਫੇਲ੍ਹ ਹੋਏ ਵਿਦਿਆਰਥੀ ਹੀ ਲੈ ਸਕਦੇ ਹਨ ਬਸ਼ਰਤੇ ਅਜਿਹੇ ਉਮੀਦਵਾਰਾਂ ਦਾ ਕਰੈਡਿਟ ਕੈਰੀ ਰਿਕਾਰਡ/ਅੰਕ ਪੰਜਾਬ ਸਕੂਲ ਸਿੱਖਿਆ ਬੋਰਡ ਕੋਲ ਉਪਲੱਬਧ ਹੋਵੇ।
2. ਸੀਨੀਅਰ ਸੈਕੰਡਰੀ ਪੱਧਰ ਤੇ ਗਣਿਤ ਵਿਸ਼ਾ ਲੈਣ ਲਈ ਵਿਦਿਆਰਥੀ ਨੂੰ ਮੈਟ੍ਰਿਕੁਲੇਸ਼ਨ ਪੱਧਰ ਤੇ ਗਣਿਤ ਵਿਸ਼ਾ ਪਾਸ ਕਰਨਾ ਲਾਜ਼ਮੀ ਹੋਵੇਗਾ।
3. ਮਿਸ਼ਰਿਤ ਗਰੁੱਪ ਦੇ ਵਿਸ਼ੇ ਲੈਣ ਦੀ ਸੁਵਿਧਾ ਕੇਵਲ ਸਾਇੰਸ ਗਰੁੱਪ ਨਾਲ ਐਫੀਲਿਏਟਿਡ ਅਤੇ ਓਪਨ ਸਕੂਲ ਲਈ ਐਕਰੀਡਿਟਿਡ ਸਕੂਲਾਂ ਵਿੱਚ ਹੀ ਉਪਲਬਧ ਹੋਵੇਗੀ।
4. ਵਿਸ਼ਿਆਂ ਲਈ ਅੰਕ ਵੰਡ ਰੈਗੂਲਰ ਵਿਦਿਆਰਥੀਆਂ ਵਾਲੀ ਹੀ ਹੋਵੇਗੀ ਪਰ ਓਪਨ ਸਕੂਲ ਦੇ ਪਰੀਖਿਆਰਥੀਆਂ ਲਈ ਅਧਿਐਨ ਕੇਂਦਰਾਂ ਵੱਲੋਂ ਸੰਚਾਲਿਤ ਮੁਲਾਂਕਣ ਟੈਸਟਾਂ ਅਤੇ ਪ੍ਰੀਬੋਰਡ ਪ੍ਰੀਖਿਆ ਵਿੱਚੋਂ ਪ੍ਰਾਪਤ ਅੰਕਾਂ ਨੂੰ ਨਤੀਜੇ ਵਿੱਚ ਆਈ.ਐਨ.ਏ. ਅੰਕਾਂ ਦੇ ਕਾਲਮ ਵਿੱਚ ਜਿਓਂ ਦੀ ਤਿਓਂ ਦਰਸਾਇਆ ਜਾਵੇਗਾ।

   ਵਿਸ਼ੇਸ਼ ਹਾਲਾਤਾਂ ਕਾਰਨ ਕਿਸੇ ਪ੍ਰੀਖਿਆਰਥੀ ਦੇ ਆਈ.ਐਨ.ਏ. ਦੇ ਅੰਕ ਪ੍ਰਾਪਤ ਨਾ ਹੋਣ ਦੀ ਸੂਰਤ ਵਿੱਚ ਪ੍ਰੀਖਿਆਰਥੀ ਵੱਲੋਂ ਲਿਖਤੀ ਪ੍ਰੀਖਿਆ ਵਿੱਚੋਂ ਪ੍ਰਾਪਤ ਅੰਕਾਂ ਦੇ ਅਧਾਰ ਤੇ ਆਈ.ਐਨ.ਏ. ਦੇ ਅੰਕਾਂ ਨੂੰ ਅਨੁਪਾਤਕ ਰੂਪ ਵਿੱਚ ਲਗਾ ਕੇ ਨਤੀਜਾ ਘੋਸ਼ਿਤ ਕੀਤਾ ਜਾਵੇਗਾ।
5. ਓਪਨ ਸਕੂਲ ਵਿਦਿਆਰਥੀਆਂ ਨੂੰ ਰੈਗੂਲਰ ਵਿਦਿਆਰਥੀਆਂ ਲਈ ਲਾਗੂ ਦੋ ਲਾਜ਼ਮੀ ਵਿਸ਼ਿਆਂ (ਕੰਪਿਊਟਰ ਸਾਇੰਸ ਅਤੇ ਵਾਤਾਵਰਣ ਸਿੱਖਿਆ) ਤੋਂ ਛੋਟ ਦਿੱਤੀ ਗਈ ਹੈ। ਲੇਕਿਨ ਇਹਨਾਂ ਵਿਸ਼ਿਆਂ ਨੂੰ ਵਾਧੂ ਵਿਸ਼ੇ ਵਜੋਂ ਲੈ ਸਕਣ ਦਾ ਉਪਬੰਧ ਹੈ।
6. **ਵਿਸ਼ਿਆਂ ਦੀ ਚੋਣ ਭਵਿੱਖ ਜਾਂ ਉਚੇਰੀ ਵਿੱਦਿਆ ਦੀ ਲੋੜ ਨੂੰ ਮੁੱਖ ਰੱਖ ਕੇ ਕੀਤੀ ਜਾਵੇ। ਬੇਸ਼ਕ ਪੰਜਾਬ ਓਪਨ ਸਕੂਲ ਪ੍ਰਣਾਲੀ ਅਧੀਨ ਸੀਨੀਅਰ ਸੈਕੰਡਰੀ ਦਾ ਸਰਟੀਫ਼ਿਕੇਟ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰੈਗੂਲਰ ਵਿਦਿਆਰਥੀਆਂ ਨੂੰ ਜਾਰੀ ਸਰਟੀਫ਼ਿਕੇਟ ਦੇ ਬਿਲਕੁਲ ਬਰਾਬਰ ਹੈ ਅਤੇ ਉਚੇਰੀ ਵਿੱਦਿਆ ਲਈ**

**ਦਾਖਲੇ ਦੇ ਯੋਗ ਹੈ ਪਰ ਜੇਕਰ ਕਿਸੇ ਤਕਨੀਕੀ ਜਾਂ ਵਿਸ਼ੇਸ਼ ਕਿੱਤੇ ਦੇ ਕੋਰਸਾਂ ਲਈ ਗਿਆਰਵੀਂ ਅਤੇ ਬਾਰ੍ਹਵੀਂ ਵਿੱਚ ਰੈਗੂਲਰ ਪੜ੍ਹਾਈ ਦੀ ਸ਼ਰਤ ਹੋਵੇ ਤਾਂ ਉਸ ਨੂੰ ਦਾਖਲਾ ਲੈਣ ਤੋਂ ਪਹਿਲਾਂ ਧਿਆਨ ਵਿੱਚ ਰੱਖਿਆ ਜਾਵੇ।**

7. ਵੱਖ-ਵੱਖ ਵਿਸ਼ਿਆਂ ਦੇ ਪਾਠ-ਕ੍ਰਮ ਅਤੇ ਈ-ਪਾਠ-ਪੁਸਤਕਾਂ ਬੋਰਡ ਦੀ ਵੈਬ-ਸਾਈਟ www.pseb.ac.in ਤੇ ਉਪਲੱਬਧ ਹਨ।

8. **ਨਿਯਮਾਂ ਸਬੰਧੀ ਕਿਸੇ ਵੀ ਤਬਦੀਲੀ ਜਾਂ ਨਵੀਂ ਜਾਣਕਾਰੀ ਲਈ ਆਪਣੀ E-mail ਅਤੇ ਬੋਰਡ ਦੀ ਵੈੱਬਸਾਈਟ ਸਮੇਂ-ਸਮੇਂ ਤੇ ਚੈੱਕ ਕਰਦੇ ਰਹਿਣਾ ਚਾਹੀਦਾ ਹੈ ਅਤੇ ਅਧਿਐਨ ਕੇਂਦਰ ਨਾਲ ਲਗਾਤਾਰ ਸੰਪਰਕ ਵਿੱਚ ਰਹਿਣਾ ਚਾਹੀਦਾ ਹੈ। ਕਿਸੇ ਵੀ ਨਵੀਂ ਸੂਚਨਾ ਲਈ ਪੱਤਰ-ਵਿਹਾਰ ਨਹੀਂ ਕੀਤਾ ਜਾਵੇਗਾ।**

## 9. ਵਾਧੂ ਵਿਸ਼ੇ

ਪੜ੍ਹਾਈ ਸਕੀਮ ਵਿੱਚ ਦਰਜ ਨਿਯਮਾਂ ਅਨੁਸਾਰ ਚੁਣੇ ਗਏ ਵਿਸ਼ਿਆਂ ਤੋਂ ਇਲਾਵਾ ਵਿਦਿਆਰਥੀ ਇਸ ਪੜ੍ਹਾਈ ਸਕੀਮ ਵਿੱਚ ਦਰਸਾਏ ਗਏ ਵਿਸ਼ਿਆਂ ਵਿੱਚ ਵੱਧ ਤੋਂ ਵੱਧ ਦੋ ਵਿਸ਼ੇ ਬਤੌਰ 'ਵਾਧੂ ਵਿਸ਼ਾ' ਲੈ ਸਕਦਾ ਹੈ। ਇਹਨਾਂ ਵਾਧੂ ਵਿਸ਼ਿਆਂ ਦੇ ਅੰਕ ਸਰਟੀਫ਼ਿਕੇਟ ਵਿੱਚ ਤਾਂ ਦਰਸਾਏ ਜਾਣਗੇ ਪਰ ਇਹਨਾਂ ਵਿਚਲੀ ਪ੍ਰਾਪਤੀ ਦਾ ਪਾਸ ਫ਼ਾਰਮੂਲੇ ਜਾਂ ਰੀਅਪੀਅਰ ਤੇ ਕੋਈ ਪ੍ਰਭਾਵ ਨਹੀਂ ਪਵੇਗਾ।

**ਨੋਟ: 1. ਕੰਪਿਊਟਰ ਸਾਇੰਸ (146) ਅਤੇ ਵਾਤਾਵਰਨ ਸਿੱਖਿਆ (139) ਦੇ ਵਿਸ਼ੇ ਵੀ ਵਿਦਿਆਰਥੀ ਵੱਲੋਂ ਵਾਧੂ ਵਿਸ਼ੇ ਵਜੋਂ ਲਏ ਜਾ ਸਕਦੇ ਹਨ। ਵਾਧੂ ਵਿਸ਼ਿਆਂ ਦਾ ਨਤੀਜਾ ਗਰੇਡ ਅਤੇ ਅੰਕ ਦੋਹਾਂ ਵਿੱਚ ਦਰਸਾਇਆ ਜਾਵੇਗਾ।**

**2. ਦੇਖਣ ਤੋਂ ਅਸਮਰਥ ਅਤੇ ਲਿਖਣ ਤੋਂ ਅਸਮਰਥ ਉਮੀਦਵਾਰਾਂ ਲਈ ਲਿਖਾਰੀ/ਪਾਠਕ/ਲੈਬੋਰਟਰੀ ਸਹਾਇਕ ਲੈਣ ਦੀ ਆਗਿਆ ਹੋਵੇਗੀ। ਅਜਿਹੇ ਉਮੀਦਵਾਰ ਲਿਖਾਰੀ ਲੈਣ ਲਈ ਅਰਜ਼ੀ ਸਾਦੇ ਕਾਗਜ਼ ਤੇ ਸਬੰਧਤ ਜ਼ਿਲ੍ਹੇ ਦੇ ਮੁੱਖ ਮੈਡੀਕਲ ਅਫ਼ਸਰ ਕੋਲੋਂ ਡਾਕਟਰੀ ਸਰਟੀਫ਼ਿਕੇਟ ਸਰਟੀਫਾਈ ਕਰਾ ਕੇ ਆਪਣੇ ਦਾਖਲਾ ਕਮ ਪਰੀਖਿਆ ਫ਼ਾਰਮ ਨਾਲ ਭੇਜਣ।**

## 10. ਕਰੈਡਿਟ ਕੈਰੀ ਸੁਵਿਧਾ

ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਪੰਜਾਬ ਰਾਜ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ (NIOS) ਦਾ ਵਿਦਿਆਰਥੀ ਹੇਠ ਲਿਖੀਆਂ ਸ਼ਰਤਾਂ ਅਨੁਸਾਰ ਕਰੈਡਿਟ ਕੈਰੀ (ਪਹਿਲਾਂ ਪਾਸ ਕੀਤੇ ਵਿਸ਼ਿਆਂ ਦਾ ਲਾਭ) ਦੀ ਸੁਵਿਧਾ ਲੈ ਸਕਦਾ ਹੈ:-

10.1 ਵਿਦਿਆਰਥੀ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੀਨੀਅਰ ਸੈਕੰਡਰੀ ਕੋਰਸ ਵਿੱਚ ਫੇਲ੍ਹ ਹੋ ਚੁੱਕਾ ਹੋਵੇ ਜਾਂ ਉਸ ਵਿੱਚ ਪ੍ਰਾਪਤ ਕੰਪਾਰਟਮੈਂਟ/ਰੀਅਪੀਅਰ ਦੇ ਸਾਰੇ ਮੌਕੇ ਸਮਾਪਤ ਕਰ ਚੁੱਕਾ ਹੋਵੇ।

ਇਹ ਸ਼ਰਤ ਪੰਜਾਬ ਰਾਜ ਵਿੱਚ ਸਥਿਤ ਨੈਸ਼ਨਲ ਇੰਸਟੀਚਿਊਟ ਆਫ ਓਪਨ ਸਕੂਲਿੰਗ ਦੇ ਅਧਿਐਨ ਕੇਂਦਰ ਦੇ ਵਿਦਿਆਰਥੀ ਤੇ ਵੀ ਇੰਨ-ਬਿੰਨ ਲਾਗੂ ਹੈ।

10.2 ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਐਨ.ਆਈ.ਓ.ਐਸ. ਦੇ ਪੰਜਾਬ ਰਾਜ ਅੰਦਰ ਸਥਿਤ ਅਧਿਐਨ ਕੇਂਦਰਾਂ ਦੇ ਫੇਲ੍ਹ ਵਿਦਿਆਰਥੀ ਪਾਸ ਕਰ ਚੁੱਕੇ ਵਿਸ਼ਿਆਂ ਵਿੱਚੋਂ ਵੱਧ ਤੋਂ ਵੱਧ ਦੋ ਵਿਸ਼ਿਆਂ ਵਿੱਚ ਕਰੈਡਿਟ ਕੈਰੀ ਲੈ ਸਕਦੇ ਹਨ। ਇਹ ਲਾਭ ਦਾਖ਼ਲੇ ਵਾਲੇ ਸ਼ੈਸ਼ਨ ਤੋਂ ਪਿਛਲੇ ਪੰਜ ਅਕਾਦਮਿਕ ਸਾਲਾਂ ਵਿੱਚ ਬੋਰਡ ਦੁਆਰਾ ਆਯੋਜਿਤ ਪਰੀਖਿਆਵਾਂ ਲਈ ਹੀ ਦਿੱਤਾ ਜਾਵੇਗਾ ਭਾਵ ਸ਼ੈਸ਼ਨ 2025-26 ਵਿੱਚ ਦਾਖ਼ਲਾ ਲੈਣ ਵਾਲੇ ਵਿਦਿਆਰਥੀ ਅਕਾਦਮਿਕ ਸਾਲ 2020-21 ਲਈ ਲਈਆਂ ਪਰੀਖਿਆਵਾਂ ਅਤੇ ਉਸ ਤੋਂ ਬਾਅਦ ਵਾਲੀਆਂ

ਪਰੀਖਿਆਵਾਂ ਲਈ ਹੀ ਲਾਭ ਲੈ ਸਕਣਗੇ। ਓਪਨ ਸਕੂਲ ਪ੍ਰਣਾਲੀ ਰਾਹੀਂ 6 ਮੌਕੇ ਲੈ ਕੇ ਬਾਰ੍ਹਵੀਂ ਵਿੱਚ ਫੇਲ੍ਹ ਵਿਦਿਆਰਥੀ ਨੂੰ ਦੁਬਾਰਾ ਨਵਾਂ ਦਾਖਲਾ ਲੈਣ ਸਮੇਂ ਕਰੈਡਿਟ ਕੈਰੀ ਦਾ ਲਾਭ ਨਹੀਂ ਦਿੱਤਾ ਜਾਵੇਗਾ।

10.3 ਉਹਨਾਂ ਵਿਸ਼ਿਆਂ ਲਈ ਹੀ ਕਰੈਡਿਟ ਕੈਰੀ ਦਾ ਲਾਭ ਦਿੱਤਾ ਜਾਵੇਗਾ ਜਿਹੜੇ ਵਿਸ਼ੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ 'ਪੰਜਾਬ ਓਪਨ ਸਕੂਲ' ਸਿੱਖਿਆ ਪ੍ਰਣਾਲੀ ਦੁਆਰਾ ਲਾਗੂ ਸਕੀਮ ਆਫ ਸਟਡੀਜ਼ ਵਿੱਚ ਦਰਜ ਹੋਣਗੇ ਅਤੇ ਜਿਹੜੇ ਵਿਸ਼ਿਆਂ ਦੀ ਪਰੀਖਿਆ ਬੋਰਡ ਵੱਲੋਂ ਲਈ ਗਈ ਹੋਵੇ ਅਤੇ ਪਾਸ ਵੀ ਕੀਤੀ ਹੋਵੇ, ਉਸ ਵਿਸ਼ੇ ਦਾ ਨਤੀਜਾ ਅੰਕਾਂ ਵਿੱਚ ਘੋਸ਼ਿਤ ਹੋਇਆ ਹੋਵੇ।

10.4 ਕਰੈਡਿਟ ਕੈਰੀ ਕਰਨ ਵਾਲੇ ਵਿਸ਼ਿਆਂ ਦੀ ਚੋਣ ਵਿਦਿਆਰਥੀ ਦੁਆਰਾ ਹੀ ਕੀਤੀ ਜਾਵੇਗੀ।

10.5 ਨੈਸ਼ਨਲ ਇੰਸਟੀਚਿਊਟ ਆਫ਼ ਓਪਨ ਸਕੂਲਿੰਗ ਦੇ ਵਿਦਿਆਰਥੀ ਨੂੰ ਲਾਜ਼ਮੀ ਵਿਸ਼ਿਆਂ ਵਿੱਚ ਕਰੈਡਿਟ ਕੈਰੀ ਦਾ ਲਾਭ ਨਹੀਂ ਦਿੱਤਾ ਜਾਵੇਗਾ। ਇਹ ਵਿਸ਼ੇ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਪਾਸ ਕਰਨੇ ਲਾਜ਼ਮੀ ਹੋਣਗੇ ਪਰੰਤੂ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਵਿਦਿਆਰਥੀਆਂ ਨੂੰ ਇਹ ਲਾਭ ਵੀ ਪ੍ਰਾਪਤ ਹੋਵੇਗਾ।

10.6 ਜੇਕਰ ਪੁਰਾਣੇ ਸਾਲਾਂ ਦੇ ਸਾਲਾਨਾ ਪਰੀਖਿਆ ਵਾਲੇ ਵਿਦਿਆਰਥੀਆਂ ਨੂੰ ਕਰੈਡਿਟ ਕੈਰੀ ਲੈਣ ਵਾਲੇ ਵਿਸ਼ਿਆਂ ਦੀ ਅੰਕ ਵੰਡ ਵਿੱਚ ਕੋਈ ਫਰਕ ਹੋਵੇ ਤਾਂ ਉਸ ਨੂੰ ਮੌਜੂਦਾ ਅੰਕ ਅਨੁਸਾਰ ਅਨੁਪਾਤ ਵਿੱਚ ਵਧਾ/ਘਟਾ ਕੇ ਦਰਸਾਇਆ ਜਾਵੇਗਾ। ਜੇਕਰ ਇਸ ਵੰਡ ਵਿੱਚ ਅੰਕ ਪੂਰੇ ਨਹੀਂ ਵੰਡੇ ਜਾਂਦੇ ਤਾਂ ਉਹਨਾਂ ਨੂੰ ਰਾਊਂਡਿੰਗ ਕਰਕੇ ਪੂਰੇ ਨੰਬਰ ਲਗਾਏ ਜਾਣਗੇ। ਪਰ ਰਾਊਂਡਿੰਗ ਕਰਦੇ ਸਮੇਂ ਇਹ ਧਿਆਨ ਰੱਖਿਆ ਜਾਵੇਗਾ ਕਿ ਅੰਕਾਂ ਦਾ ਜੋੜ ਪਹਿਲਾਂ ਪ੍ਰਾਪਤ ਕੀਤੇ ਅੰਕਾਂ ਦੇ ਬਰਾਬਰ ਹੀ ਰਹੇ।

## 11. ਸਿੱਖਿਆ ਵਿਧੀ

11.1 **ਪਾਠ-ਕ੍ਰਮ:** ਓਪਨ ਸਕੂਲ ਦੀ ਪੜ੍ਹਾਈ ਸਕੀਮ ਅਧੀਨ ਵੱਖ-ਵੱਖ ਵਿਸ਼ਿਆਂ ਲਈ ਉਹੀ ਪਾਠ-ਕ੍ਰਮ ਲਾਗੂ ਹੋਵੇਗਾ ਜੋ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰੈਗੂਲਰ ਵਿਦਿਆਰਥੀਆਂ ਲਈ ਲਾਗੂ ਹੈ। ਸਮੇਂ-ਸਮੇਂ ਬੋਰਡ ਦੁਆਰਾ ਇਸ ਵਿੱਚ ਕੀਤੀ ਤਬਦੀਲੀ ਓਪਨ ਸਕੂਲ ਦੀ ਸੀਨੀਅਰ ਸੈਕੰਡਰੀ ਪਰੀਖਿਆ ਲਈ ਵੀ ਲਾਗੂ ਹੋਵੇਗੀ। **ਇਹ ਪਾਠ-ਕ੍ਰਮ ਬੋਰਡ ਦੀ ਵੈੱਬਸਾਈਟ ਤੇ ਉਪਲਬਧ ਹੋਣਗੇ।**

11.2 **ਪਾਠ ਪੁਸਤਕਾਂ:** ਆਨਲਾਈਨ ਦਾਖਲਾ ਪੋਰਟਲ ਤੇ ਵਿਦਿਆਰਥੀਆਂ ਵੱਲੋਂ ਲਏ ਗਏ ਵਿਸ਼ਿਆਂ ਸਬੰਧੀ ਈ-ਬੁੱਕਸ ਦੇ ਲਿੰਕ ਵਿਦਿਆਰਥੀ ਦੀ ਲਾਗ-ਇਨ ਆਈ.ਡੀ. ਤੇ ਅਪਲੋਡ ਕੀਤੇ ਜਾਂਦੇ ਹਨ। ਲੋੜ ਅਨੁਸਾਰ ਪਾਠ-ਪੁਸਤਕਾਂ ਦੀ ਹਾਰਡ ਕਾਪੀ ਅਧਿਐਨ ਕੇਂਦਰ ਰਾਹੀਂ ਬੋਰਡ ਦੇ ਜਿਲ੍ਹਾ ਖੇਤਰੀ ਦਫਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

ਨੋਟ: **ਜਿਨ੍ਹਾਂ ਵਿਸ਼ਿਆਂ ਦੀ ਬੋਰਡ ਵੱਲੋਂ ਪਾਠ-ਸਮੱਗਰੀ/ਪਾਠ-ਪੁਸਤਕਾਂ ਦੀ ਛਪਾਈ ਨਹੀਂ ਕਰਵਾਈ ਜਾਂਦੀ, ਵਿਦਿਆਰਥੀ ਉਹਨਾਂ ਵਿਸ਼ਿਆਂ ਦੀ ਪੜ੍ਹਾਈ ਆਪਣੇ ਪੱਧਰ ਤੇ ਕਰਨਗੇ। (ਪਾਠ-ਪੁਸਤਕਾਂ ਦੀ ਸੂਚੀ ਬੋਰਡ ਦੀ ਵੈਬਸਾਈਟ ਤੇ ਉਪਲਬਧ ਹੈ)**

11.3 **ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ.):** ਵਿਦਿਆਰਥੀ ਨੂੰ ਅਗਵਾਈ ਦੇਣ ਹਿੱਤ ਅਤੇ ਵਿਦਿਅਕ ਔਕੜਾਂ ਦੂਰ ਕਰਨ ਲਈ ਦਾਖ਼ਲੇ ਵਾਲੇ ਸਾਲ ਵਿੱਚ 30 ਦਿਨਾਂ ਦੇ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ) ਲਗਾਏ ਜਾਣਗੇ। **ਪਹਿਲਾ ਪੀ.ਸੀ.ਪੀ. ਪਹਿਲਾ ਪੀ.ਸੀ.ਪੀ.ਸਤੰਬਰ** (18 **ਦਿਨ**) **ਅਤੇ ਦੂਜਾ ਪੀ.ਸੀ.ਪੀ. ਦਸੰਬਰ** (12 **ਦਿਨ**) ਆਪਣੀ ਸਹੂਲਤ ਅਨੁਸਾਰ ਸਕੂਲ ਸਮੇਂ ਦੌਰਾਨ ਜਾਂ ਸਕੂਲ ਸਮੇਂ ਤੋਂ ਬਾਅਦ

ਲਗਾਏ ਜਾਣਗੇ। **ਪੀ.ਸੀ.ਪੀ ਦੌਰਾਨ ਨਿਯਮਾਂ ਅਨੁਸਾਰ ਪ੍ਰਯੋਗੀ ਵਿਸ਼ਿਆਂ ਵਾਲੇ ਵਿਸ਼ੇ ਵਿੱਚ 75% ਅਤੇ ਬਾਕੀ ਸਾਰੇ ਵਿਸ਼ਿਆਂ ਵਿੱਚ 50% ਹਾਜ਼ਰੀਆਂ ਜ਼ਰੂਰੀ ਹਨ। ਹਾਜ਼ਰੀਆਂ ਪੂਰੀਆਂ ਨਾ ਕਰਨ ਦੀ ਸੂਰਤ ਵਿੱਚ ਵਿਦਿਆਰਥੀਆਂ ਦਾ ਦਾਖਲਾ ਰੱਦ ਕੀਤਾ ਜਾ ਸਕਦਾ ਹੈ।** ਇਸ ਦੌਰਾਨ ਹੇਠ ਲਿਖੇ ਅਨੁਸਾਰ ਪ੍ਰਮੁੱਖ ਕਾਰਜ ਕੀਤੇ ਜਾਣਗੇ :-

(ੳ) ਓਪਨ ਸਕੂਲ ਸਿੱਖਿਆ ਪ੍ਰਣਾਲੀ ਸੰਬੰਧੀ ਲੋੜੀਂਦੀ ਅਗਵਾਈ।

(ਅ) ਵਿਦਿਆਰਥੀਆਂ ਦੇ ਵਿੱਦਿਅਕ ਵਿਕਾਸ ਲਈ ਯੋਗ ਅਗਵਾਈ ਦੇਣੀ।

(ੲ) ਵੱਖ-ਵੱਖ ਵਿਸ਼ਿਆਂ ਦੇ ਲਿਖਤੀ ਪਾਠ-ਕ੍ਰਮ ਅਨੁਸਾਰ ਅਗਵਾਈ।

(ਸ) ਵੱਖ-ਵੱਖ ਵਿਸ਼ਿਆਂ ਦੇ ਪ੍ਰਯੋਗੀ ਪਾਠ-ਕ੍ਰਮ ਲਈ ਅਧਿਐਨ ਕੇਂਦਰ ਦੀ ਪ੍ਰਯੋਗਸ਼ਾਲਾ ਵਿੱਚ ਪ੍ਰਯੋਗ ਕਰਨਾ ਅਤੇ ਉਹਨਾਂ ਸੰਬੰਧੀ ਰਿਕਾਰਡ, ਪ੍ਰਯੋਗੀ ਕਾਪੀ ਦੀ ਤਿਆਰੀ ਆਦਿ।

(ਹ) ਵਿਦਿਆਰਥੀਆਂ ਦੇ ਅਕਾਦਮਿਕ ਅਤੇ ਸਹਿ-ਅਕਾਦਮਿਕ ਵਿਕਾਸ ਹਿੱਤ ਵੱਖ-ਵੱਖ ਕਿਰਿਆਵਾਂ ਦਾ ਆਯੋਜਨ।

(ਕ) ਮੁਲਾਂਕਣ-ਪੱਤਰ ਦਾ ਵਿਸ਼ਲੇਸ਼ਣ ਅਤੇ ਉਸ ਦੇ ਆਧਾਰ ਤੇ ਵਿਦਿਆਰਥੀਆਂ ਨੂੰ ਅਗਵਾਈ ਦੇਣਾ।

(ਖ) ਬੋਰਡ ਦੀ ਪਰੀਖਿਆ ਤੋਂ ਪਹਿਲਾਂ ਸੰਪੂਰਨ ਪਾਠ-ਕ੍ਰਮ ਉੱਤੇ ਅਧਾਰਿਤ ਆਂਤਰਿਕ ਮੁਲਾਂਕਣ ਟੈਸਟ ਵਿੱਚ ਪ੍ਰਾਪਤੀ ਦੇ ਆਧਾਰ ਤੇ ਅਗਵਾਈ ਦੇਣਾ।

(ਗ) ਪਰੀਖਿਆ ਵਿੱਚ ਸਫਲਤਾ ਲਈ ਅਗਵਾਈ ਸੁਝਾਅ।

(ਘ) ਅਧਿਐਨ ਕੇਂਦਰ ਵੱਲੋਂ ਦਾਖਲਾ ਕਮ ਪ੍ਰੀਖਿਆ ਫਾਰਮ ਨਿਰਧਾਰਿਤ ਸ਼ਡਿਊਲ ਅਨੁਸਾਰ ਦਫ਼ਤਰ ਵਿਖੇ ਜਮ੍ਹਾਂ ਕਰਾਉਣਾ।

11.4 **ਆਂਤਰਿਕ ਮੁਲਾਂਕਣ** : ਵਿਦਿਆਰਥੀਆਂ ਦੀ ਪਰੀਖਿਆ ਪ੍ਰਤੀ ਪਰਿਪੱਕਤਾ ਅਤੇ ਸਵੈ-ਮੁਲਾਂਕਣ ਹਿੱਤ ਅਧਿਐਨ ਕੇਂਦਰ ਵੱਲੋਂ ਵਿਅਕਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਦੋ ਮੁਲਾਂਕਣ ਟੈਸਟ ਅਤੇ ਇੱਕ ਪ੍ਰੀ-ਬੋਰਡ ਪ੍ਰੀਖਿਆ/ਟੈਸਟ ਦੇਣਾ ਲਾਜ਼ਮੀ ਹੈ ਜੋ ਸਬੰਧਤ ਅਧਿਐਨ ਕੇਂਦਰ ਵੱਲੋਂ ਲਿਆ ਜਾਵੇਗਾ।

11.5 **ਹਾਜ਼ਰੀਆਂ**: ਵਿਅਕਤੀਗਤ ਸੰਪਰਕ ਪ੍ਰੋਗਰਾਮ ਦੌਰਾਨ ਪ੍ਰਯੋਗੀ ਵਿਸ਼ਿਆਂ ਵਿੱਚ 75% ਅਤੇ ਲਿਖਤੀ ਵਿਸ਼ਿਆਂ ਵਿੱਚ 50% ਹਾਜ਼ਰੀਆਂ ਲਾਜ਼ਮੀ ਹਨ। ਹਾਜ਼ਰੀ ਘੱਟ ਹੋਣ ਦੀ ਸੂਰਤ ਵਿੱਚ ਵਿਦਿਆਰਥੀਆਂ ਦਾ ਉਮੀਦਵਾਰੀ ਹੱਕ ਰੱਦ ਕੀਤਾ ਜਾ ਸਕਦਾ ਹੈ। ਵਿਸ਼ੇਸ਼ ਹਾਲਤਾਂ ਵਿੱਚ ਵਿਚ ਹਾਜ਼ਰੀਆਂ ਸੰਬੰਧੀ ਛੋਟ ਲੈਣ ਹਿੱਤ ਅਗੇਤੀ ਪ੍ਰਵਾਨਗੀ ਲਈ ਵਿਦਿਆਰਥੀ ਆਪਣੀ ਪ੍ਰਤੀ ਬੇਨਤੀ ਅਧਿਐਨ ਕੇਂਦਰ ਰਾਹੀਂ ਉਪ ਸਕੱਤਰ (ਅਕਾਦਮਿਕ)/ਇੰਚਾਰਜ (ਓਪਨ ਸਕੂਲ), ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਭੇਜ ਕੇ ਅਗੇਤੀ ਪ੍ਰਵਾਨਗੀ ਲੈ ਸਕਦਾ ਹੈ।

11.6 **ਲਾਇਬ੍ਰੇਰੀ ਅਤੇ ਪ੍ਰਯੋਗਸ਼ਾਲਾ**: ਵਿਦਿਆਰਥੀ ਆਪਣੇ ਅਧਿਐਨ ਕੇਂਦਰ ਦੀ ਲਾਇਬ੍ਰੇਰੀ ਅਤੇ ਪ੍ਰਯੋਗਸ਼ਾਲਾ ਦੀ ਲੋੜ ਅਨੁਸਾਰ ਵਰਤੋਂ ਕਰ ਸਕਦਾ ਹੈ।

11.7 **ਇਲੈਕਟ੍ਰਾਨਿਕ ਮਾਧਿਅਮ ਰਾਹੀਂ ਅਗਵਾਈ**: ਬੋਰਡ ਦੁਆਰਾ ਵਿਦਿਆਰਥੀਆਂ ਨੂੰ ਸੂਚਨਾ ਅਤੇ ਅਗਵਾਈ ਹਿੱਤ ਅਖ਼ਬਾਰਾਂ, ਸੰਚਾਰ ਮਾਧਿਅਮਾਂ : ਰੇਡੀਓ, ਟੈਲੀਵਿਜ਼ਨ, ਐਜੂ ਸੈੱਟ, ਆਡੀਓ ਅਤੇ ਵੀਡੀਓ ਸੀ.ਡੀ. ਆਦਿ ਦੀ ਵਰਤੋਂ ਲਈ ਸੰਭਵ ਸੁਵਿਧਾ ਪ੍ਰਦਾਨ ਕਰਨ ਦੀ ਯੋਜਨਾ ਹੈ।

11.8 **ਸਹਿ ਅਕਾਦਮਿਕ ਵਿਕਾਸ**: ਓਪਨ ਸਕੂਲ ਦੇ ਵਿਦਿਆਰਥੀ ਚਲਦੇ ਅਕਾਦਮਿਕ ਵਰ੍ਹੇ ਦੌਰਾਨ ਆਪਣੇ ਅਧਿਐਨ ਕੇਂਦਰ ਰਾਹੀਂ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਸਕੂਲਾਂ ਦੇ ਵਿੱਦਿਅਕ ਅਤੇ ਮਾਨਸਿਕ ਵਿਕਾਸ ਹਿੱਤ ਆਯੋਜਿਤ ਸਹਿ-ਅਕਾਦਮਿਕ ਕਿਰਿਆਵਾਂ ਵਿੱਚ ਭਾਗ ਲੈ ਸਕਣਗੇ।

11.9 **ਰਾਜ ਪੱਧਰੀ ਖੇਡ ਮੁਕਾਬਲਿਆਂ ਵਿੱਚ ਪ੍ਰਤੀਨਿਧਤਾ**: ਓਪਨ ਸਕੂਲ ਦੇ ਵਿਦਿਆਰਥੀਆਂ ਨੂੰ ਰਾਜ ਵਿੱਚ ਸਿੱਖਿਆ ਵਿਭਾਗ ਦੁਆਰਾ ਆਯੋਜਿਤ ਖੇਡ ਮੁਕਾਬਲਿਆਂ ਵਿੱਚ ਰੈਗੂਲਰ ਪ੍ਰੀਖਿਆਰਥੀਆਂ ਦੀ ਤਰਜ ਤੇ ਖੇਡ ਵਿਭਾਗ/ਸਿੱਖਿਆ ਵਿਭਾਗ ਦੀ ਖੇਡ ਨੀਤੀ ਲਾਗੂ ਰਹੇਗੀ।

12. **ਪਰੀਖਿਆ ਨਿਯਮ** :

12.1 **ਪਰੀਖਿਆ ਆਯੋਜਨ**: ਬੋਰਡ ਦੁਆਰਾ ਹਰ ਸੈਸ਼ਨ ਵਿੱਚ ਰੈਗੂਲਰ ਵਿਦਿਆਰਥੀਆਂ ਦੇ ਨਾਲ ਹੀ ਓਪਨ ਸਕੂਲ ਪ੍ਰਨਾਲੀ ਦੇ ਵਿਦਿਆਰਥੀਆਂ ਦੀ ਵੀ ਸਾਲਾਨਾ ਪਰੀਖਿਆ ਲਈ ਜਾਵੇਗੀ। ਸਾਲਾਨਾ ਪਰੀਖਿਆ ਫਰਵਰੀ-ਮਾਰਚ ਅਤੇ ਅਨੁਪੂਰਕ ਪਰੀਖਿਆ ਜੁਲਾਈ-ਅਗਸਤ ਵਿੱਚ ਆਯੋਜਿਤ ਕੀਤੀ ਜਾਵੇਗੀ।

12.2 **ਪਰੀਖਿਆ ਦਾ ਮਾਧਿਅਮ**: ਓਪਨ ਸਕੂਲ ਵਿੱਚ ਪੜ੍ਹਾਈ ਦਾ ਮਾਧਿਅਮ ਪੰਜਾਬੀ/ਹਿੰਦੀ/ਅੰਗਰੇਜ਼ੀ ਹੋਵੇਗਾ। ਪਰੀਖਿਆ ਦਾ ਮਾਧਿਅਮ ਵਿਦਿਆਰਥੀ ਆਪਣੀ ਸੁਵਿਧਾ ਅਨੁਸਾਰ ਜਿਵੇਂ ਕਿ ਪੰਜਾਬੀ/ਹਿੰਦੀ/ਅੰਗਰੇਜ਼ੀ ਕੋਈ ਵੀ ਰੱਖ ਸਕਦਾ ਹੈ। ਮਾਧਿਅਮ ਕੋਡ ਇਸ ਪ੍ਰਕਾਰ ਹਨ:-

**ਪੰਜਾਬੀ** 201 **ਹਿੰਦੀ** 202 **ਅੰਗਰੇਜ਼ੀ** 203

12.3 **ਪਰੀਖਿਆ ਮਿਤੀ ਅਤੇ ਸਮਾਂ**: ਬੋਰਡ ਦੁਆਰਾ ਪੰਜਾਬ ਓਪਨ ਸਕੂਲ ਦੇ ਵਿਦਿਆਰਥੀਆਂ ਲਈ ਸਾਲਾਨਾ ਅਤੇ ਅਨੁਪੂਰਕ (ਰੀਅਪੀਅਰ) ਪਰੀਖਿਆ ਰੈਗੂਲਰ ਵਿਦਿਆਰਥੀਆਂ ਲਈ ਆਯੋਜਿਤ ਕੀਤੀ ਜਾਣ ਵਾਲੀ ਪਰੀਖਿਆ ਦੇ ਨਾਲ ਹੀ ਲਈ ਜਾਵੇਗੀ। ਇਹਨਾਂ ਪਰੀਖਿਆਵਾਂ ਲਈ ਡੇਟਸ਼ੀਟ ਬੋਰਡ ਦੁਆਰਾ ਨਿਰਧਾਰਿਤ ਕੀਤੀ ਜਾਵੇਗੀ।

12.4 **ਪਰੀਖਿਆ ਫ਼ੀਸ**: ਓਪਨ ਸਕੂਲ ਪ੍ਰਣਾਲੀ ਦੇ ਉਮੀਦਵਾਰਾਂ ਦੀ ਪਰੀਖਿਆ ਫ਼ੀਸ ਰੈਗੂਲਰ ਵਿਦਿਆਰਥੀ ਲਈ ਨਿਰਧਾਰਿਤ ਦਰਾਂ ਅਨੁਸਾਰ ਦਾਖਲਾ ਫੀਸ ਦੇ ਨਾਲ ਹੀ ਜਮ੍ਹਾਂ ਕੀਤੀ ਜਾਵੇਗੀ। ਵਾਧੂ ਵਿਸ਼ਾ ਪਰੀਖਿਆ ਫ਼ੀਸ ਰੈਗੂਲਰ ਵਿਦਿਆਰਥੀ ਵਾਲੀ ਹੀ ਹੋਵੇਗੀ।

12.5 **ਪਰੀਖਿਆ ਲਈ ਯੋਗਤਾ** : ਬੋਰਡ ਦੀ ਸਾਲਾਨਾ ਪਰੀਖਿਆ ਦੇਣ ਲਈ ਹੇਠ ਲਿਖੇ ਅਨੁਸਾਰ ਯੋਗਤਾਵਾਂ ਪੂਰੀਆਂ ਕਰਨ ਵਾਲੇ ਵਿਦਿਆਰਥੀ ਯੋਗ ਹੋਣਗੇ:

(i) **ਦਾਖਲੇ ਲਈ ਨਿਰਧਾਰਿਤ ਸ਼ਰਤਾਂ ਪੂਰੀਆਂ ਹੋਣ ਦੇ ਸਬੂਤ ਵੱਜੋਂ ਲੋੜੀਂਦੇ ਦਸਤਾਵੇਜ਼ ਪੇਸ਼ ਕਰ ਦਿੱਤੇ ਹੋਣ।**

(ii) **ਨਿਯਮਾਂ ਅਨੁਸਾਰ ਬਣਦੀ ਦਾਖ਼ਲਾ, ਪਰੀਖਿਆ, ਰਜਿਸਟ੍ਰੇਸ਼ਨ ਆਦਿ ਫ਼ੀਸਾਂ ਜਮ੍ਹਾਂ ਕਰਵਾ ਦਿੱਤੀਆਂ ਹੋਣ।**

(iii) **ਅਧਿਐਨ ਕੇਂਦਰ ਦੁਆਰਾ ਆਯੋਜਿਤ ਵਿਅਕਤੀਗਤ ਸੰਪਰਕ ਪ੍ਰੋਗਰਾਮਾਂ ਵਿੱਚ ਨਿਯਮਾਂ ਅਨੁਸਾਰ ਹਾਜ਼ਰੀਆਂ ਪੂਰੀਆਂ ਹੋਣ।**

12.6 **ਪਰੀਖਿਆ ਕੇਂਦਰ**: ਪਰੀਖਿਆਰਥੀਆਂ ਨੂੰ ਪਰੀਖਿਆ ਕੇਂਦਰ, ਕਾਰਜ ਸੰਚਾਲਨ ਸ਼ਾਖਾ ਦੇ ਅਨੁਸਾਰ ਹੀ ਪਰੀਖਿਆ ਸ਼ਾਖਾ ਵਲੋਂ ਅਲਾਟ ਕੀਤਾ ਜਾਵੇਗਾ।

ਉਪਰੋਕਤ ਵਿੱਚੋਂ ਕੋਈ ਇੱਕ ਵੀ ਸ਼ਰਤ ਪੂਰੀ ਨਾ ਕਰਨ ਵਾਲੇ ਵਿਦਿਆਰਥੀ ਨੂੰ ਰੋਲ ਨੰਬਰ ਜਾਰੀ ਨਹੀਂ ਕੀਤਾ ਜਾਵੇਗਾ ਅਤੇ ਉਸ ਦੀ ਪਰੀਖਿਆ ਸੰਬੰਧੀ ਪਾਤਰਤਾ ਵੀ ਰੱਦ ਕੀਤੀ ਜਾ ਸਕਦੀ ਹੈ।

## 13. **ਪਾਸ ਫ਼ਾਰਮੂਲਾ :**

ਪਰੀਖਿਆ ਪਾਸ ਕਰਨ ਲਈ ਓਪਨ ਸਕੂਲ ਦੇ ਪਰੀਖਿਆਰਥੀ ਨੂੰ ਜਨਰਲ ਅੰਗਰੇਜ਼ੀ, ਜਨਰਲ ਪੰਜਾਬੀ/ਪੰਜਾਬ ਦਾ ਇਤਿਹਾਸ ਅਤੇ ਸੱਭਿਆਚਾਰ) ਵਿਸ਼ਿਆਂ ਤੋਂ ਇਲਾਵਾ ਹਿਊਮੈਨਿਟੀਜ਼, ਕਾਮਰਸ, ਸਾਇੰਸ (ਕੇਵਲ ਫੇਲ੍ਹ ਵਿਦਿਆਰਥੀਆਂ ਲਈ) ਅਤੇ ਮਿਸ਼ਰਤ ਗਰੁੱਪ ਵਿੱਚ ਚੁਣੇ ਗਏ ਤਿੰਨ ਵਿਸ਼ਿਆਂ ਵਿੱਚੋਂ ਪਾਸ ਹੋਣਾ ਲਾਜ਼ਮੀ ਹੋਵੇਗਾ।

13.1 **ਪਾਸ ਅੰਕ**: ਪ੍ਰੀਖਿਆ ਪਾਸ ਕਰਨ ਲਈ ਪ੍ਰੀਖਿਆਰਥੀ ਨੂੰ ਲਿਖਤੀ ਅਤੇ ਪ੍ਰਯੋਗੀ (ਜਿਸ ਵਿਸ਼ੇ ਵਿੱਚ ਹੋਵੇ) ਵਿਸ਼ਿਆਂ ਵਿੱਚ ਵੱਖਰੇ-ਵੱਖਰੇ ਤੌਰ ਤੇ 33% ਅੰਕ ਪ੍ਰਾਪਤ ਕਰਨਾ ਲਾਜ਼ਮੀ ਹੈ। INA ਵਿੱਚ ਵੱਖਰੇ ਤੌਰ ਤੇ ਪਾਸ ਹੋਣਾ ਲਾਜ਼ਮੀ ਨਹੀਂ ਹੈ ਪਰੰਤੂ ਪ੍ਰੀਖਿਆਰਥੀ ਨੂੰ ਪ੍ਰੀਖਿਆ ਪਾਸ ਕਰਨ ਲਈ ਲਿਖਤੀ, ਪ੍ਰਯੋਗੀ (ਜਿਸ ਵਿਸ਼ੇ ਵਿੱਚ ਹੋਵੇ) ਅਤੇ INA ਵਿੱਚ ਕੁੱਲ ਮਿਲਾ ਕੇ 33% ਅੰਕ ਪ੍ਰਾਪਤ ਕਰਨੇ ਲਾਜ਼ਮੀ ਹੋਣਗੇ। (**ਬੋਰਡ ਵੱਲੋਂ ਸਮੇਂ-ਸਮੇਂ ਤੇ ਲਾਗੂ ਹੋਣ ਵਾਲੇ ਪਾਸ ਫਾਰਮੂਲੇ ਅਨੁਸਾਰ**)

13.2 **ਪਰੀਖਿਆ ਪਾਸ ਕਰਨ ਦੇ ਮੌਕੇ**: ਵਿਦਿਆਰਥੀ ਨੂੰ ਪਰੀਖਿਆ ਪਾਸ ਕਰਨ ਲਈ ਦਾਖਲੇ ਉਪਰੰਤ 7 ਮੌਕੇ ਦਿੱਤੇ ਜਾਣਗੇ। ਪਹਿਲਾ ਮੌਕਾ ਦਾਖਲੇ ਵਾਲੇ ਅਕਾਦਮਿਕ ਸਾਲ ਦੀ ਸਾਲਾਨਾ ਪਰੀਖਿਆ (ਮਾਰਚ) ਦੌਰਾਨ ਦਿੱਤਾ ਜਾਵੇਗਾ। ਇਸ ਮੌਕੇ ਵਿੱਚ ਪਰੀਖਿਆਰਥੀ ਨੂੰ ਕਰੈਡਿਟ ਕੈਰੀ ਕੀਤੇ ਗਏ ਵਿਸ਼ਿਆਂ ਤੋਂ ਇਲਾਵਾ ਚੁਣੇ ਗਏ ਵਿਸ਼ਿਆਂ ਵਿੱਚ ਘੱਟੋ-ਘੱਟ ਇੱਕ ਵਿਸ਼ਾ ਪਾਸ ਕਰਨਾ ਜ਼ਰੂਰੀ ਹੈ। ਓਪਨ ਸਕੂਲ ਸਕੀਮ ਅਧੀਨ ਦਾਖਲੇ ਉਪਰੰਤ ਜੇਕਰ ਵਿਦਿਆਰਥੀ ਪਹਿਲੇ ਮੌਕੇ ਵਿੱਚ ਇੱਕ ਵੀ ਵਿਸ਼ੇ ਦੀ ਪਰੀਖਿਆ ਪਾਸ ਨਹੀਂ ਕਰਦਾ ਤਾਂ ਉਸ ਦਾ ਨਤੀਜਾ ਫੇਲ੍ਹ ਘੋਸ਼ਿਤ ਕਰ ਦਿੱਤਾ ਜਾਵੇਗਾ। ਜੇਕਰ ਪਰੀਖਿਆਰਥੀ ਇੱਕ ਵੀ ਵਿਸ਼ਾ ਪਾਸ ਕਰ ਲੈਂਦਾ ਹੈ ਤਾਂ ਉਸ ਦਾ ਨਤੀਜਾ ਰੀਅਪੀਅਰ ਘੋਸ਼ਿਤ ਕੀਤਾ ਜਾਵੇਗਾ। ਉਸ ਨੂੰ ਰੀਅਪੀਅਰ ਵਾਲੇ ਵਿਸ਼ੇ ਪਾਸ ਕਰਨ ਲਈ ਆਉਣ ਵਾਲੇ ਤਿੰਨ ਸਾਲਾਂ ਵਿੱਚ 6 ਮੌਕੇ ਦਿੱਤੇ ਜਾਣਗੇ। ਜੇਕਰ ਉਹ ਬਾਕੀ ਰਹਿੰਦੇ 6 ਮੌਕਿਆਂ ਵਿਚ ਵੀ ਆਪਣੀ ਪਰੀਖਿਆ ਪਾਸ ਕਰਨੋਂ ਅਸਮਰਥ ਰਹਿੰਦਾ ਹੈ ਤਾਂ ਨਤੀਜਾ ਫੇਲ੍ਹ ਘੋਸ਼ਿਤ ਹੋਵੇਗਾ ਅਤੇ ਉਸ ਨੂੰ ਨਵੇਂ ਸਿਰਿਓਂ ਮੁੜ ਦਾਖਲਾ ਲੈਣਾ ਪਵੇਗਾ।

ਰੀਅਪੀਅਰ ਪਰੀਖਿਆਰਥੀ ਜੇਕਰ ਪਹਿਲਾਂ ਦਿੱਤੀ ਪ੍ਰਯੋਗੀ ਪਰੀਖਿਆ ਵਿੱਚ ਪਾਸ ਹੈ ਤਾਂ ਪ੍ਰਯੋਗੀ ਪਰੀਖਿਆ ਲਈ ਪਹਿਲਾਂ ਵਾਲੇ ਅੰਕ ਹੀ ਰੱਖੇ ਜਾਣਗੇ। ਅਜਿਹੇ ਪਰੀਖਿਆਰਥੀ ਜੇਕਰ ਮੁੜ ਪ੍ਰਯੋਗੀ ਪਰੀਖਿਆ ਦੇਣੀ ਚਾਹੁੰਦੇ ਹੋਣ ਤਾਂ ਉਹ ਪਰੀਖਿਆ ਫ਼ਾਰਮ ਵਿੱਚ ਸਪਸ਼ਟ ਤੌਰ ਤੇ ਅੰਕਿਤ ਕਰੇਗਾ।

13.3 **ਗਰੇਸ ਅੰਕ**: ਪਰੀਖਿਆ ਪਾਸ ਕਰਨ ਲਈ ਪਰੀਖਿਆਰਥੀ ਨੂੰ ਅਪੀਅਰ ਹੋਏ ਵਿਸ਼ਿਆਂ ਦੇ ਕੁੱਲ ਅੰਕਾਂ ਦੇ 1% ਤੱਕ ਗਰੇਸ ਅੰਕ ਦਿੱਤੇ ਜਾਣਗੇ।

ਵਿਦਿਆਰਥੀਆਂ ਵੱਲੋਂ ਪ੍ਰਾਪਤ ਕੀਤੇ ਅੰਕਾਂ ਦੇ ਨਾਲ ਗਰੇਡ ਵੀ ਦਰਸਾਏ ਜਾਣਗੇ ਜੋ ਹੇਠ ਲਿਖੇ ਅਨੁਸਾਰ ਹੋਣਗੇ:-

| Sr. No | Grade description | Grade |
|---|---|---|
| 1 | Above 90% marks | A+ |

| | | |
|---|---|---|
| 2 | Above 80% marks and upto 90% marks | A |
| 3 | Above 70% marks and upto 80% marks | B+ |
| 4 | Above 60% marks and upto 70% marks | B |
| 5 | Above 50% marks and upto 60% marks | C+ |
| 6 | Above 40% marks and upto 50% marks | C |
| 7 | 33% marks and upto 40% marks | D |
| 8 | Below 33% marks | E |

14. **ਸਰਟੀਫ਼ਿਕੇਟ :**

ਓਪਨ ਸਕੂਲ ਪ੍ਰਣਾਲੀ ਅਧੀਨ ਪਾਸ ਵਿਦਿਆਰਥੀਆਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਸਰਟੀਫ਼ਿਕੇਟ-ਕਮ-ਨਤੀਜਾ ਕਾਰਡ ਡੀ.ਜੀ. ਲਾਕਰ (Digi Locker) ਤੇ ਅਪਲੋਡ ਕਰਨ ਦੇ ਨਾਲ-ਨਾਲ ਹਾਰਡ ਕਾਪੀ ਵੀ ਮੁਹੱਈਆ ਕਰਵਾਈ ਜਾਂਦੀ ਹੈ। **ਇਹ ਸਰਟੀਫ਼ਿਕੇਟ-ਕਮ-ਨਤੀਜਾ ਕਾਰਡ ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਰੈਗੂਲਰ ਵਿਦਿਆਰਥੀਆਂ ਲਈ ਜਾਰੀ ਸੀਨੀਅਰ ਸੈਕੰਡਰੀ ਪਰੀਖਿਆ ਦੇ ਸਰਟੀਫ਼ਿਕੇਟ ਜਾਂ ਇਸ ਦੇ ਬਰਾਬਰ ਮੰਨੀ ਜਾਂਦੀ ਪਰੀਖਿਆ ਦੇ ਸਰਟੀਫ਼ਿਕੇਟ ਦੇ ਹਰ ਪੱਖੋਂ ਬਰਾਬਰ ਹੋਣਗੇ।**

15. **ਜੇਕਰ ਦਫਤਰ ਵੱਲੋਂ ਚੱਲਦੇ ਅਕਾਦਮਿਕ ਸੈਸ਼ਨ ਦੌਰਾਨ ਓਪਨ ਸਕੂਲ ਪ੍ਰਣਾਲੀ** ਅਧੀਨ **ਕਿਸੇ ਨਿਯਮ ਵਿੱਚ ਸੋਧ ਹੋਣ ਦੀ ਸੂਰਤ ਵਿੱਚ ਬੋਰਡ ਵੱਲੋਂ ਵੱਖਰੇ ਤੌਰ ਤੇ ਸੂਚਿਤ ਕੀਤਾ ਜਾਵੇਗਾ ਅਤੇ ਇਸ ਸਬੰਧੀ ਵੱਖਰੇ ਤੌਰ ਤੇ ਹਦਾਇਤਾਂ ਵੀ ਜਾਰੀ ਕੀਤੀਆਂ ਜਾਣਗੀਆਂ।**

16. **ਪਰੀਖਿਆ ਸਬੰਧੀ ਹੋਰ ਨਿਯਮ:**

ਪਰੀਖਿਆ, ਅਣਉਚਿੱਤ ਸਾਧਨ, ਦੁਰਵਿਵਹਾਰ ਅਤੇ ਹੋਰ ਨੁਕਤੇ/ਸ਼ਰਤਾਂ ਜੋ ਪ੍ਰਾਸਪੈਕਟਸ ਵਿੱਚ ਸ਼ਾਮਲ ਨਹੀਂ ਹਨ, ਸਬੰਧੀ ਉਹੀ ਵਿਨਿਯਮ ਲਾਗੂ ਹੋਣਗੇ ਜੋ ਰੈਗੂਲਰ ਵਿਦਿਆਰਥੀਆਂ ਤੇ ਲਾਗੂ ਹਨ।

17. **ਬੋਰਡ ਦੀਆਂ ਪੂਰਕ ਸ਼ਕਤੀਆਂ:**

ਜੇਕਰ ਉਪਰੋਕਤ ਨਿਯਮਾਂ ਵਿੱਚ ਕੋਈ ਵੀ ਪਰਿਵਰਤਨ ਜਾਂ ਕੋਈ ਹੋਰ ਨਿਯਮ ਸ਼ਾਮਲ ਕਰਨਾ ਹੋਵੇ ਤਾਂ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਉਚਿਤ ਨਿਰਣਾ ਲੈ ਸਕਦੇ ਹਨ।

18. **ਵਿਆਖਿਆ:**

ਇਹਨਾਂ ਨਿਯਮਾਂ ਦੀ ਵਿਆਖਿਆ ਕਰਨ ਸੰਬੰਧੀ ਕੋਈ ਸ਼ੰਕਾ ਹੋਵੇ ਤਾਂ ਬੋਰਡ ਦਾ ਨਿਰਣਾ ਅੰਤਿਮ ਹੋਵੇਗਾ।

ਨੋਟ:-

1. **ਬੋਰਡ ਵੱਲੋਂ ਆਨਲਾਈਨ ਵਿਧੀ ਰਾਹੀਂ ਲਈ ਫ਼ੀਸ ਹੀ ਵਿਦਿਆਰਥੀ ਦੀ ਕੁੱਲ ਦਾਖਲਾ ਅਤੇ ਪ੍ਰੀਖਿਆ ਫ਼ੀਸ ਹੈ। ਬੋਰਡ ਦੁਆਰਾ ਨਿਰਧਾਰਿਤ ਫ਼ੀਸ ਤੋਂ ਇਲਾਵਾ ਕੋਈ ਹੋਰ ਫ਼ੀਸ ਅਧਿਐਨ ਕੇਂਦਰ ਨੂੰ ਨਾ ਦਿੱਤੀ ਜਾਵੇ।**
2. ਜੇਕਰ ਬੋਰਡ ਵਲੋਂ ਨਿਰਧਾਰਤ ਫ਼ੀਸਾਂ ਤੋਂ ਵੱਧ ਫ਼ੀਸ ਜਾਂ ਕੋਈ ਹੋਰ ਫੰਡ ਆਦਿ ਅਧਿਐਨ ਕੇਂਦਰ ਵੱਲੋਂ ਲਿਆ ਜਾਂਦਾ ਹੈ ਤਾਂ ਅਜਿਹੀ ਸੂਰਤ ਵਿੱਚ ਦਫਤਰ ਨੂੰ ਲਿਖਤੀ ਰੂਪ ਵਿੱਚ ਸੂਚਿਤ ਕੀਤਾ ਜਾਵੇ।

3. ਜੇਕਰ ਕੋਈ ਅਧਿਐਨ ਕੇਂਦਰ ਨਿਰਧਾਰਿਤ ਫ਼ੀਸ ਨਾਲੋਂ ਜਿਆਦਾ ਫ਼ੀਸ ਦੀ ਮੰਗ ਕਰਦਾ ਹੈ ਤਾਂ ਇਸ ਦੀ ਲਿਖਤੀ ਸ਼ਿਕਾਇਤ First class Megistrate ਤੋਂ attested Affidavit ਰਾਹੀਂ **ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ.ਨਗਰ** ਨੂੰ ਕੀਤੀ ਜਾਵੇ।

4. ਕਿਸੇ ਪ੍ਰਕਾਰ ਦੀ ਔਕੜ, ਸਪਸ਼ਟੀਕਰਨ ਲਈ ਓਪਨ ਸਕੂਲ ਦੇ ਟੈਲੀਫੋਨ ਨੰ: 0172-5227197, 196, 206, 204, 172 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਵਿਦਿਆਰਥੀਆਂ ਲਈ ਹਦਾਇਤਾਂ

1 ਆਨਲਾਈਨ ਦਾਖਲਾ ਕਮ ਪ੍ਰੀਖਿਆ ਫ਼ਾਰਮ ਭਰਨ ਤੋਂ ਪਹਿਲਾਂ ਸਾਰੀਆਂ ਹਦਾਇਤਾਂ ਪੜ੍ਹ ਕੇ ਯਕੀਨੀ ਬਣਾ ਲਿਆ ਜਾਵੇ ਕਿ ਤੁਸੀਂ ਨਿਯਮਾਂ ਅਨੁਸਾਰ ਦਾਖਲਾ ਲੈਣ ਦੇ ਯੋਗ ਹੋ। ਸੀਨੀਅਰ ਸੈਕੰਡਰੀ ਪ੍ਰੀਖਿਆ ਲਈ ਪ੍ਰਾਸਪੈਕਟਸ ਵਿੱਚ ਦਰਜ ਸਾਰੀਆਂ ਯੋਗਤਾਵਾਂ ਪੂਰੀਆਂ ਕਰਨ ਸਬੰਧੀ ਵਿਦਿਆਰਥੀ ਸਵੈ-ਘੋਸ਼ਣਾ ਪੱਤਰ ਨਿਰਧਾਰਤ ਪ੍ਰੋਫਾਰਮੇ ਤੇ ਭਰ ਕੇ ਦੇਣਾ ਯਕੀਨੀ ਬਣਾਏਗਾ। ਇੱਕ ਵਾਰ ਭੇਜੀ ਗਈ ਫ਼ੀਸ ਕਿਸੇ ਹਾਲਤ ਵਿੱਚ ਵਾਪਸ ਜਾਂ ਐਡਜਸਟ ਨਹੀਂ ਕੀਤੀ ਜਾਵੇਗੀ।

2 ਵਿਦਿਆਰਥੀ ਆਪਣਾ ਆਨਲਾਈਨ ਦਾਖਲਾ ਕਮ ਪ੍ਰੀਖਿਆ ਫਾਰਮ, ਬਿਨਾ ਕੋਈ ਵਾਧੂ ਪੈਸਿਆਂ ਦੀ ਅਦਾਇਗੀ ਕੀਤੇ ਦਾਖਲੇ ਦੀ ਪ੍ਰਕਿਰਿਆ ਦੇ ਲੜੀ ਨੰ: 2 ਅਨੁਸਾਰ ਭਰੇਗਾ। ਜੇਕਰ ਵਿਦਿਆਰਥੀ ਬੋਰਡ ਵੱਲੋਂ ਦਰਸਾਈ ਪ੍ਰਕਿਰਿਆ ਤੋਂ ਇਲਾਵਾ ਕਿਸੇ ਹੋਰ ਪ੍ਰਕਿਰਿਆ ਰਾਹੀਂ ਆਪਣਾ ਫਾਰਮ ਭਰਦਾ ਹੈ ਤਾਂ ਆਪਣੇ ਦਸਤਾਵੇਜ਼ਾਂ ਅਤੇ ਵੇਰਵਿਆਂ ਦੇ ਨਾਲ-ਨਾਲ ਦਿੱਤੀ ਗਈ ਵਾਧੂ ਫੀਸ ਸਬੰਧੀ ਸਾਰੀ ਜਿੰਮੇਵਾਰੀ ਉਸ ਦੀ ਆਪਣੀ ਹੋਵੇਗੀ।

3 ਦਾਖਲਾ ਕਮ ਪ੍ਰੀਖਿਆ ਫ਼ਾਰਮ ਵਿੱਚ ਸਾਰੇ ਤੱਥ ਜਿਵੇਂ ਕਿ ਵਿਦਿਆਰਥੀ ਦਾ ਨਾਂ, ਪਿਤਾ/ਮਾਤਾ ਦਾ ਨਾਂ, ਜਨਮ ਮਿਤੀ, ਕਰੈਡਿਟ ਕੈਰੀ ਲਈ ਚੁਣੇ ਵਿਸ਼ੇ, ਗਰੁੱਪ (1 ਜਾਂ 2 ਜਾਂ 3 ਜਾਂ 4) ਜਿਸ ਅਧੀਨ ਪ੍ਰੀਖਿਆ ਦੇਣੀ ਹੈ ਅਤੇ ਪੂਰੇ ਵਿਸ਼ਿਆਂ ਆਦਿ ਬਾਰੇ ਤੱਸਲੀ ਕਰਨ ਉਪਰੰਤ ਹੀ ਫ਼ੀਸ ਭਰਾਈ ਜਾਵੇ। ਫ਼ਾਰਮ ਵਿਚ ਹੋਈ ਗਲਤੀ ਲਈ ਬੋਰਡ ਜ਼ਿੰਮੇਵਾਰ ਨਹੀਂ ਹੋਵੇਗਾ।

4 ਫੀਸ ਭਰ ਲੈਣ ਉਪਰੰਤ ਦਾਖਲਾ ਕਮ ਪ੍ਰੀਖਿਆ ਫਾਰਮ ਸਬੰਧਤ ਅਧਿਐਨ ਕੇਂਦਰ ਵਿੱਚ ਹੀ ਡਾਊਨਲੋਡ ਕੀਤਾ ਜਾ ਸਕੇਗਾ।

5 ਦਾਖ਼ਲਾ ਫ਼ਾਰਮ/ਫੀਸ ਭਰਨ ਤੋਂ ਬਾਅਦ 7 ਦਿਨਾਂ ਅੰਦਰ ਲੋੜੀਂਦੇ ਦਸਤਾਵੇਜ਼ਾਂ ਦੀਆਂ ਦੋ ਕਾਪੀਆਂ, ਸਮੇਤ ਯੋਗਤਾਵਾਂ ਅਤੇ ਰਿਹਾਇਸ਼ੀ ਪਰੂਫ, ਆਪਣੇ ਅਧਿਐਨ ਕੇਂਦਰ ਵਿੱਚ ਜਮ੍ਹਾਂ ਕਰਵਾਏਗਾ।

6 ਵਿਦਿਆਰਥੀ ਦਾ ਦਾਖਲਾ ਉਦੋਂ ਤੱਕ ਆਰਜ਼ੀ ਹੋਵੇਗਾ ਜਦੋਂ ਤੱਕ ਅਧਿਐਨ ਕੇਂਦਰ ਵੱਲੋਂ ਵਿਦਿਆਰਥੀ ਦੁਆਰਾ ਭਰੇ ਵੇਰਵਿਆਂ/ਯੋਗਤਾਵਾਂ ਦੀ ਪੜਤਾਲ ਨਾ ਕਰ ਲਈ ਜਾਵੇ। ਪੜਤਾਲ ਉਪਰੰਤ ਯੋਗਤਾ ਸਹੀ ਹੋਣ ਤੇ ਹੀ ਵਿਦਿਆਰਥੀ ਦਾ ਦਾਖਲਾ ਫਾਰਮ ਅਧਿਐਨ ਕੇਂਦਰ ਦੁਆਰਾ ਬੋਰਡ ਦਫਤਰ ਨੂੰ ਭੇਜਿਆ ਜਾਵੇਗਾ।

7 ਵਿਦਿਆਰਥੀ ਦਾ ਸ਼ਨਾਖਤੀ ਕਾਰਡ ਅਧਿਐਨ ਕੇਂਦਰ ਵੱਲੋਂ ਡਾਊਨਲੋਡ ਕੀਤਾ ਜਾਵੇਗਾ। ਸ਼ਨਾਖਤੀ ਕਾਰਡ ਅਧਿਐਨ ਕੇਂਦਰ ਦੇ ਮੁਖੀ ਦੁਆਰਾ ਪੜਤਾਲ ਅਤੇ ਪ੍ਰਤੀ ਹਸਤਾਖਰ ਕਰਨ ਉਪਰੰਤ ਵਿਦਿਆਰਥੀ ਨੂੰ ਦਿੱਤਾ ਜਾਵੇਗਾ। ਇਹ ਸ਼ਨਾਖਤੀ ਕਾਰਡ ਦਾਖਲਾ ਲੈਣ ਉਪਰੰਤ ਉਦੋਂ ਤੱਕ ਮੰਨਣਯੋਗ ਹੋਵੇਗਾ ਜਦ ਤੱਕ ਵਿਦਿਆਰਥੀ ਪਰੀਖਿਆ ਪਾਸ

ਨਹੀਂ ਕਰ ਲੈਂਦਾ ਜਾਂ ਕੰਪਾਰਟਮੈਂਟ/ਰੀਅਪੀਅਰ ਲਈ ਉਸਨੂੰ ਦਿੱਤੇ ਸਾਰੇ ਮੌਕੇ ਸਮਾਪਤ ਨਹੀਂ ਹੋ ਜਾਂਦੇ। ਵਿਦਿਆਰਥੀ ਦੇ ਫੇਲ੍ਹ ਹੋ ਜਾਣ ਦੀ ਸੂਰਤ ਵਿੱਚ ਕਾਰਡ ਰੱਦ ਸਮਝਿਆ ਜਾਵੇਗਾ।

8 **ਓਪਨ ਸਕੂਲ ਵਿੱਚ ਦਾਖਲਾ ਲੈਣ ਉਪਰੰਤ ਕਿਸੇ ਹੋਰ ਸੰਸਥਾ ਵਿੱਚ ਦਾਖਲਾ ਨਾ ਲਿਆ ਜਾਵੇ ਅਤੇ ਨਾ ਹੀ ਰੈਗੂਲਰ ਤੌਰ ਤੇ ਦਾਖਲਾ ਲਿਆ ਜਾਵੇ। ਅਜਿਹਾ ਕਰਨ ਦੀ ਸੂਰਤ ਵਿੱਚ ਸਾਰੇ ਦਾਖਲੇ ਰੱਦ ਕੀਤੇ ਜਾ ਸਕਦੇ ਹਨ।**

9 ਸਮਾਨਤਾ ਪੱਤਰ ਵੀ ਸਬੰਧਤ ਅਧਿਐਨ ਕੇਂਦਰ ਵੱਲੋਂ ਇੱਕਠੇ ਬੋਰਡ ਤੋਂ ਉਪਲਬਧ ਕਰਵਾਏ ਜਾਣਗੇ ਅਤੇ ਅਧਿਐਨ ਕੇਂਦਰ ਵੱਲੋਂ ਹੀ ਬੋਰਡ ਦੀ ਸਬੰਧਤ ਸ਼ਾਖਾ ਵਿੱਚ ਜਮ੍ਹਾ ਕਰਵਾਏ ਜਾਣਗੇ।

10 ਵਿਦਿਆਰਥੀਆਂ ਦੇ ਦਾਖਲਾ ਕਮ ਪ੍ਰੀਖਿਆ ਫ਼ਾਰਮਾਂ ਵਿੱਚ ਰਹਿ ਗਈਆਂ ਤਰੁਟੀਆਂ/ਊਣਤਾਈਆਂ ਸਬੰਧਤ ਅਧਿਐਨ ਕੇਂਦਰ ਵੱਲੋਂ **ਪ੍ਰੀਖਿਆ ਸ਼ਾਖਾ ਵੱਲੋਂ** ਨਿਰਧਾਰਿਤ ਸ਼ੈਡਿਊਲ ਅਨੁਸਾਰ ਬੋਰਡ ਦੀ ਪ੍ਰੀਖਿਆ ਸ਼ਾਖਾ ਵਿੱਚ ਜਾ ਕੇ ਦਰੁਸਤ ਕਰਵਾਈਆਂ ਜਾਣਗੀਆਂ।

11 ਇੱਕ ਵਾਰ ਦਾਖਲਾ ਲੈਣ ਤੋਂ ਬਾਅਦ ਵਿਦਿਆਰਥੀ ਦਾ ਅਧਿਐਨ ਕੇਂਦਰ ਬਿਨਾ ਕਿਸੇ ਠੋਸ ਕਾਰਨ ਉਦੋਂ ਤੱਕ ਨਹੀਂ ਬਦਲਿਆ ਜਾਵੇਗਾ, ਜਦ ਤੱਕ ਉਹ ਪਰੀਖਿਆ ਪਾਸ ਨਹੀਂ ਕਰ ਲੈਂਦਾ ਜਾਂ ਪਾਸ ਹੋਣ ਲਈ ਰੀ-ਅਪੀਅਰ ਲਈ ਦਿੱਤੇ **ਸਾਰੇ ਮੌਕੇ ਸਮਾਪਤ ਨਹੀਂ ਹੋ ਜਾਂਦੇ ਜਾਂ ਉਸ ਨੂੰ ਫੇਲ੍ਹ ਘੋਸ਼ਿਤ ਨਹੀਂ ਕਰ ਦਿੱਤਾ ਜਾਂਦਾ। ਉਹ ਆਪਣਾ ਰੀਅਪੀਅਰ ਦਾ ਪਰੀਖਿਆ ਫ਼ਾਰਮ ਵੀ ਉਸੇ ਅਧਿਐਨ ਕੇਂਦਰ ਮੁਖੀ ਤੋਂ ਤਸਦੀਕ ਕਰਵਾ ਕੇ ਸਬੰਧਤ ਜ਼ਿਲ੍ਹਾ ਖੇਤਰੀ ਦਫ਼ਤਰ/ਬੋਰਡ ਨੂੰ ਭੇਜੇਗਾ।** ਹੋਰ ਕਿਸੇ ਅਧਿਐਨ ਕੇਂਦਰ ਦੇ ਮੁਖੀ ਦੁਆਰਾ ਤਸਦੀਕ ਕੀਤਾ ਪਰੀਖਿਆ ਫ਼ਾਰਮ ਮੰਨਣ ਯੋਗ ਨਹੀਂ ਹੋਵੇਗਾ।

12 ਵਿਦਿਆਰਥੀ ਵੱਲੋਂ ਪੇਸ਼ ਤੱਥਾਂ ਦੇ ਆਧਾਰ ਤੇ ਹੀ ਉਸ ਨੂੰ ਦਾਖਲਾ ਦਿੱਤਾ ਜਾਣਾ ਹੈ। ਯੋਗਤਾ ਸੰਬੰਧੀ ਕਿਸੇ ਤਰ੍ਹਾਂ ਦੀ ਗਲਤ ਬਿਆਨੀ ਵਿਦਿਆਰਥੀ, ਸਮਾਜ ਅਤੇ ਓਪਨ ਸਕੂਲ ਦੇ ਉਦੇਸ਼ ਨੂੰ ਢਾਅ ਲਾ ਸਕਦੀ ਹੈ। ਜੇਕਰ ਕੋਈ ਤੱਥ ਜਾਂ ਤਰੁਟੀ ਰਹਿ ਜਾਂਦੀ ਹੈ ਜਾਂ ਕੋਈ ਦਸਤਾਵੇਜ਼ ਗਲਤ ਲਗਾਏ ਜਾਂਦੇ ਹਨ ਤਾਂ ਇਸ ਦੀ ਸਮੁੱਚੀ ਜ਼ਿੰਮੇਵਾਰੀ ਵਿਦਿਆਰਥੀ ਦੀ ਹੋਵੇਗੀ।

13 ਵਿਦਿਆਰਥੀ ਸਮੇਂ-ਸਮੇਂ ਤੇ ਬੋਰਡ ਦੀ ਵੈੱਬਸਾਈਟ, ਆਪਣੀ **Email** ਅਤੇ **Spam mail** ਵੀ ਜ਼ਰੂਰ ਚੈੱਕ ਕਰ ਲੈਣ।

14 ਓਪਨ ਸਕੂਲ ਪ੍ਰਣਾਲੀ ਅਧੀਨ ਦਾਖਲਾ ਦੇਣ ਵਾਲੇ ਅਧਿਐਨ ਕੇਂਦਰ ਕਿਸੇ ਵੀ ਹੋਰ ਪ੍ਰਾਈਵੇਟ ਸੰਸਥਾ/ਅਕਾਦਮੀ/ਪ੍ਰਾਈਵੇਟ ਅਧਿਆਪਕ ਵੱਲੋਂ ਕਰਵਾਏ ਗਏ ਦਾਖਲੇ ਨੂੰ ਇੰਟਰਟੇਨ ਕਰਦੇ ਹਨ ਤਾਂ ਉਨ੍ਹਾਂ ਦੇ ਦਾਖਲੇ ਫੌਰਨ ਰੱਦ ਕਰ ਦਿੱਤੇ ਜਾਣਗੇ ਅਤੇ ਅਧਿਐਨ ਕੇਂਦਰ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

15 ਜੇਕਰ ਓਪਨ ਸਕੂਲ ਬਾਰਵੀਂ ਸ਼੍ਰੇਣੀ ਦੇ ਕਿਸੇ ਵਿਦਿਆਰਥੀ ਦੀ ਰੀਅਪੀਅਰ ਆਉਂਦੀ ਹੈ ਅਤੇ ਉਹ ਪ੍ਰੀਖਿਆਰਥੀ ਰੀਅਪੀਅਰ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਬਾਰ੍ਹਵੀਂ ਸ਼੍ਰੇਣੀ ਵਿੱਚ ਓਪਨ ਸਕੂਲ ਪ੍ਰਣਾਲੀ ਅਧੀਨ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਉਹ ਵਿਦਿਆਰਥੀ ਬਾਰਵੀਂ ਸ਼੍ਰੇਣੀ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਦਾਖਲੇ ਦੀ ਅੰਤਿਮ ਮਿਤੀ ਤੱਕ ਆਪਣਾ ਪਹਿਲਾ ਨਤੀਜਾ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਇਸ ਸਬੰਧੀ ਸਵੈ-ਘੋਸ਼ਣਾ ਪੱਤਰ ਦੇ ਕੇ ਮੁੜ ਦਾਖਲਾ ਲੈ ਸਕੇਗਾ। ਇਹ ਮੌਕਾ ਉਸ ਨੂੰ ਕੇਵਲ ਪਹਿਲੀ ਵਾਰ ਰੀਅਪੀਅਰ ਆਉਣ ਦੀ ਸੂਰਤ ਵਿੱਚ ਦਿੱਤਾ ਜਾਵੇਗਾ।

16 ਜੇਕਰ ਓਪਨ ਸਕੂਲ ਬਾਰਵੀਂ ਸ਼੍ਰੇਣੀ ਦੇ ਕਿਸੇ ਵਿਦਿਆਰਥੀ ਦੀ ਰੀਅਪੀਅਰ ਆਉਂਦੀ ਹੈ ਅਤੇ ਉਹ ਪ੍ਰੀਖਿਆਰਥੀ ਰੀਅਪੀਅਰ ਦਾ ਲਾਭ ਨਹੀਂ ਲੈਣਾ ਚਾਹੁੰਦਾ ਅਤੇ ਮੁੜ ਬਾਰ੍ਹਵੀਂ ਸ਼੍ਰੇਣੀ ਵਿੱਚ ਰੈਗੂਲਰ ਤੌਰ ਤੇ ਦਾਖਲਾ ਲੈਣਾ ਚਾਹੁੰਦਾ ਹੈ ਤਾਂ ਉਹ ਵਿਦਿਆਰਥੀ ਬਾਰਵੀਂ ਸ਼੍ਰੇਣੀ ਦਾ ਨਤੀਜਾ ਘੋਸ਼ਿਤ ਹੋਣ ਉਪਰੰਤ ਦਾਖਲੇ ਦੀ ਅੰਤਿਮ ਮਿਤੀ ਤੱਕ ਆਪਣਾ ਪਹਿਲਾ ਨਤੀਜਾ ਪ੍ਰੀਖਿਆ ਸ਼ਾਖਾ ਤੋਂ ਰੱਦ ਕਰਵਾਉਣ ਉਪਰੰਤ ਇਸ ਸਬੰਧੀ ਸਵੈ-ਘੋਸ਼ਣਾ ਪੱਤਰ ਦੇ ਕੇ ਮੁੜ ਦਾਖਲਾ

ਲੈ ਸਕੇਗਾ ਬਸ਼ਰਤੇ ਉਹਨਾਂ ਵਿਦਿਆਰਥੀਆਂ ਨੇ ਗਿਆਰ੍ਹਵੀਂ ਸ਼੍ਰੇਣੀ ਰੈਗੂਲਰ ਤੌਰ ਤੇ ਪਾਸ ਕੀਤੀ ਹੋਵੇ। ਇਹ ਮੌਕਾ ਉਸ ਨੂੰ ਕੇਵਲ ਪਹਿਲੀ ਵਾਰ ਰੀਅਪੀਅਰ ਆਉਣ ਦੀ ਸੂਰਤ ਵਿੱਚ ਦਿੱਤਾ ਜਾਵੇਗਾ।

## ਵਿਦਿਆਰਥੀਆਂ ਲਈ ਆਨਲਾਈਨ ਦਾਖਲਾ ਕਮ ਪ੍ਰੀਖਿਆ ਫ਼ਾਰਮ ਭਰਨ ਦੀ ਪੜਾਅਵਾਰ ਪ੍ਰਕਿਰਿਆ ਅਤੇ ਹਦਾਇਤਾਂ:

ਨੋਟ: ਦਾਖਲਾ ਕਮ ਪ੍ਰੀਖਿਆ ਫ਼ਾਰਮ ਭਰਨ ਤੋਂ ਪਹਿਲਾਂ ਪ੍ਰਾਸਪੈਕਟਸ ਅਤੇ ਉਸ ਵਿੱਚ ਦਿੱਤੀਆਂ ਪੂਰੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹ ਲਿਆ ਜਾਵੇ। (ਪ੍ਰਾਸਪੈਕਟਸ ਬੋਰਡ ਦੀ ਵੈੱਬਸਾਈਟ www.pseb.ac.in ਤੇ Open School admission Portal ਅਧੀਨ ਡਾਊਨਲੋਡ ਕੀਤਾ ਜਾ ਸਕਦਾ ਹੈ।)

1. ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈੱਬਸਾਈਟ www.pseb.ac.in ਤੇ ਜਾਓ।
2. Important Links ਅਧੀਨ Open School Link ਤੇ ਕਲਿੱਕ ਕਰਕੇ Open School Online Admission Form for session 2025-26 ਜਾਂ Home Page ਤੇ Open School Admission logo ਤੇ ਕਲਿੱਕ ਕਰੋ।
3. Important Links ਅਧੀਨ ਸਬੰਧਤ ਕਲਾਸ ਦੀ Open School Registration Link ਤੇ ਕਲਿੱਕ ਕਰਕੇ ਰਜਿਸਟਰ ਕਰੋ।
4. ਹਦਾਇਤਾਂ ਪੜ੍ਹ ਕੇ "I accept" ਤੇ ਕਲਿੱਕ ਕਰੋ।
5. ਇਸ ਉਪਰੰਤ ਦਾਖਲਾ ਕਮ ਪ੍ਰੀਖਿਆ ਫ਼ਾਰਮ ਵਿੱਚ ਰਜਿਸਟਰੇਸ਼ਨ ਫਾਰਮ ਤੇ ਦਿੱਤੇ ਸਾਰੇ ਵੇਰਵੇ ਭਰੋ। ਮੋਬਾਈਲ ਨੰਬਰ, ਈ-ਮੇਲ ਐਡਰੈਸ ਅਤੇ ਅਧਾਰ ਕਾਰਡ ਨੰ: ਭਰਨੇ ਅਤੀ ਜ਼ਰੂਰੀ ਹਨ।
6. ਦਾਖਲਾ ਲੈਣ ਵਾਲਾ ਵਿਦਿਆਰਥੀ ਆਪਣੀ ਕੈਟਾਗਰੀ ਅਤੇ ਵਿਸ਼ਿਆਂ ਦੀ ਚੋਣ ਬਹੁਤ ਧਿਆਨ ਨਾਲ ਭਰੇ ਕਿਉਂਕਿ ਇੱਕ ਵਾਰ ਫ਼ਾਰਮ ਭਰੇ ਜਾਣ ਤੋਂ ਬਾਅਦ ਤਬਦੀਲੀ ਕਰਨੀ ਸੰਭਵ ਨਹੀਂ ਹੋ ਸਕੇਗੀ। ਦਾਖਲਾ ਕਮ ਪ੍ਰੀਖਿਆ ਫਾਰਮ ਵਿੱਚ ਵਿਦਿਆਰਥੀ ਆਪਣਾ ਪੱਕਾ ਫੋਨ ਨੰਬਰ ਭਰੇ ਜਿਸ ਨੂੰ ਪ੍ਰੀਖਿਆ ਪਾਸ ਕਰ ਲੈਣ ਤੱਕ ਬਦਲਿਆ ਨਾ ਜਾਵੇ। ਫੋਨ ਨੰਬਰ ਬਦਲ ਜਾਣ ਦੀ ਸੂਰਤ ਵਿੱਚ ਸੂਚਨਾ ਤੁਰੰਤ ਅਧਿਐਨ ਕੇਂਦਰ ਅਤੇ ਬੋਰਡ ਦਫਤਰ ਨੂੰ ਦਿੱਤੀ ਜਾਵੇ।
7. ਸਾਰੇ ਵੇਰਵੇ ਭਰਨ ਉਪਰੰਤ ਵਿਦਿਆਰਥੀ Login ਕਰ ਸਕੇਗਾ। Login Details ਉਸ ਦੇ ਈ-ਮੇਲ ਐਡਰੈਸ ਅਤੇ ਫ਼ਾਰਮ ਵਿੱਚ ਭਰੇ ਮੋਬਾਈਲ ਨੰਬਰ ਤੇ ਮੈਸੇਜ ਦੁਆਰਾ ਪ੍ਰਾਪਤ ਹੋਵੇਗੀ।
8. Login ਕਰਨ ਉਪਰੰਤ ਫ਼ਾਰਮ 4 Steps ਵਿੱਚ ਭਰਿਆ ਜਾ ਸਕੇਗਾ।

**Step-i (fill up the Personal & Subject details)**

- Registration ਦੌਰਾਨ ਭਰੇ ਗਏ ਵੇਰਵਿਆਂ ਦੀ ਸੋਧ ਕਰਨ ਲਈ modify login information link ਤੇ ਕਲਿੱਕ ਕੀਤਾ ਜਾਵੇ। ਜੇਕਰ ਵਿਸ਼ੇ ਭਰੇ ਜਾ ਚੁੱਕੇ ਹਨ ਤਾਂ remove subject ਤੇ ਕਲਿੱਕ ਕਰਕੇ ਵਿਸ਼ੇ remove ਕਰਨ ਉਪਰੰਤ ਹੀ ਰਜਿਸਟ੍ਰੇਸ਼ਨ ਡਿਟੇਲ ਅੱਪਡੇਟ ਕੀਤੀ ਜਾ ਸਕਦੀ ਹੈ।
- ਇਸ ਵਿੱਚ ਵਿਦਿਆਰਥੀ **Click here to fill Application form** ਤੇ ਕਲਿੱਕ ਕਰਕੇ ਵਿਦਿਆਰਥੀ ਆਪਣੀ ਕੈਟਾਗਰੀ, ਬੋਰਡ, ਰੋਲ ਨੰਬਰ, ਸੈਸ਼ਨ, ਪਹਿਲੇ ਸਕੂਲ ਦਾ ਨਾਂ ਆਦਿ ਵੇਰਵੇ ਭਰੇਗਾ।
- ਪਾਸਵਰਡ ਬਦਲਣ ਲਈ ਵਿਦਿਆਰਥੀ **(Click here to Change Password)** ਤੇ ਕਲਿੱਕ ਕਰਕੇ ਪਾਸਵਰਡ ਬਦਲ ਸਕਦਾ ਹੈ।

- Previous Information ਕਾਲਮ ਵਿੱਚ ਵਿਦਿਆਰਥੀ ਦਾ ਨਾਂ, ਪਿਤਾ ਦਾ ਨਾਂ, ਮਾਤਾ ਦਾ ਨਾਂ, ਜਾਤ, ਵਿਲੱਖਣ ਸਮਰੱਥਾ, ਧਰਮ, ਜਨਮ ਮਿਤੀ ਆਦਿ ਵੇਰਵੇ ਭਰ ਕੇ Save Details ਤੇ ਕਲਿੱਕ ਕਰਕੇ ਵੇਰਵੇ Save ਕਰੇਗਾ। ਇਸ ਤੋਂ ਬਾਅਦ ਵਿਦਿਆਰਥੀ **Click here to upload/change Photograph, Signature)** ਤੇ ਕਲਿੱਕ ਕਰਕੇ ਆਪਣੀ ਫੋਟੋ ਅਤੇ ਹਸਤਾਖਰ (ਦਰਸਾਏ ਗਏ ਅਕਾਰ ਅਨੁਸਾਰ) ਅਪਲੋਡ ਕਰੇਗਾ।
- ਸਾਰੇ ਵੇਰਵੇ ਸਹੀ ਤਰ੍ਹਾਂ ਭਰਨ ਤੋਂ ਬਾਅਦ Successfully Inserted ਦਾ ਮੈਸੇਜ ਆ ਜਾਵੇਗਾ, ਜਿਸ ਨੂੰ OK ਕਰਨ ਤੋਂ ਬਾਅਦ ਹੀ ਵਿਸ਼ਿਆਂ ਦੀ ਚੋਣ ਦਾ ਕਾਲਮ ਦਿਖ ਸਕੇਗਾ।
- ਇਸ ਤੋਂ ਬਾਅਦ **(Click here to fill Subject Details)** ਤੇ ਕਲਿੱਕ ਕਰਕੇ ਵਿਦਿਆਰਥੀ ਵਿਸ਼ੇ ਭਰੇਗਾ।

**Step-II (Payment Options)**

ਇਸ ਵਿੱਚ ਵਿਦਿਆਰਥੀ **(Click here to View Payment details)** ਤੇ ਕਲਿੱਕ ਕਰਕੇ ਸੁਵਿਧਾ ਅਨੁਸਾਰ ਬਣਦੀ ਫ਼ੀਸ ਆਨਲਾਈਨ ਭਰ ਸਕੇਗਾ। ਫ਼ੀਸਾਂ ਦਾ ਵੇਰਵਾ **Check Fee details** ਤੇ ਕਲਿੱਕ ਕਰਕੇ ਦੇਖਿਆ ਜਾ ਸਕਦਾ ਹੈ। ਇੱਕ ਵਾਰ ਆਨਲਾਈਨ ਫ਼ੀਸ ਜਮ੍ਹਾਂ ਹੋਣ ਤੋਂ ਬਾਅਦ Application Form Lock ਹੋ ਜਾਵੇਗਾ ਅਤੇ Edit ਨਹੀਂ ਕੀਤਾ ਜਾ ਸਕੇਗਾ।

- ਆਨਲਾਈਨ ਫ਼ੀਸ ਜਮ੍ਹਾਂ ਹੋਣ ਤੋਂ ਬਾਅਦ Final Submission ਹੋ ਜਾਵੇਗੀ।

**Step-III (Study Centre & Print Acknowledgement/Registration Slip)**

- ਫ਼ੀਸ ਜਮ੍ਹਾਂ ਹੋਣ ਤੋਂ ਬਾਅਦ ਫ਼ੀਸ ਵੈਰੀਫਾਈ ਹੋਣ ਉਪਰੰਤ ਹੀ ਸਟਡੀ ਸੈਂਟਰ (ਅਧਿਐਨ ਕੇਂਦਰ) ਚੁਣਨ ਲਈ **(Click here to choose Study Centre)** ਦੀ Option ਖੁੱਲ੍ਹੇਗੀ। ਜੇਕਰ ਫੀਸ ਜਮ੍ਹਾਂ ਹੋਣ ਤੋਂ 48 ਘੰਟੇ ਤੱਕ ਫੀਸ ਵੈਰੀਫਾਈ ਨਹੀਂ ਹੁੰਦੀ ਤਾਂ ਬੋਰਡ ਦੇ ਟੈਕਨੀਕਲ ਸੈਕਸ਼ਨ ਦੇ ਹੈਲਪਲਾਈਨ ਨੰ: 8058911911 ਨਾਲ ਸੰਪਰਕ ਕੀਤਾ ਜਾਵੇ।
- ਫ਼ੀਸ ਵੈਰੀਫਾਈ ਹੋਣ ਤੋਂ ਬਾਅਦ **(Click here to choose Study Centre)** ਤੇ ਕਲਿੱਕ ਕਰਕੇ ਵਿਦਿਆਰਥੀ ਵੱਲੋਂ ਭਰੇ ਗਏ ਪਤੇ ਅਨੁਸਾਰ ਜਿਲ੍ਹਾ/ਤਹਿਸੀਲ ਪੱਧਰ ਤੇ ਅਧਿਐਨ ਕੇਂਦਰਾਂ ਦੀ ਸੂਚੀ ਵਿੱਚੋਂ ਉਪਲੱਬਧਤਾ ਅਨੁਸਾਰ ਅਧਿਐਨ ਕੇਂਦਰ ਦੀ ਚੋਣ ਕੀਤੀ ਜਾਵੇ ।
- ਅਧਿਐਨ ਕੇਂਦਰ ਅਲਾਟ ਹੋਣ ਪਿੱਛੋਂ ਦਾਖਲਾ ਕਮ ਪ੍ਰੀਖਿਆ ਫ਼ਾਰਮ ਅਲਾਟ ਕੀਤੇ ਅਧਿਐਨ ਕੇਂਦਰ ਵਿੱਚ ਹੀ ਉਪਲੱਬਧ ਹੋ ਜਾਵੇਗਾ ਜੋ ਅਧਿਐਨ ਕੇਂਦਰ ਵੱਲੋਂ ਹੀ ਡਾਊਨਲੋਡ ਕੀਤਾ ਜਾ ਸਕੇਗਾ। **(Click here to download Acknowledgement slip of admission form)** ਤੇ ਕਲਿੱਕ ਕਰਕੇ **Acknowledgement slip** ਡਾਊਨਲੋਡ ਕਰ ਲਈ ਜਾਵੇ।
- ਅਧਿਐਨ ਕੇਂਦਰ ਅਲਾਟ ਹੋਣ ਉਪਰੰਤ 7 ਦਿਨਾਂ ਅੰਦਰ acknowledgement slip, ਲੋੜੀਂਦੇ ਦਸਤਾਵੇਜ਼ਾਂ ਅਤੇ ਫੀਸ ਚਲਾਨ ਦੀਆਂ ਕਾਪੀਆਂ, ਯੋਗਤਾਵਾਂ ਸਰਟੀਫਿਕੇਟ ਅਤੇ ਰਿਹਾਇਸ਼ੀ ਪਰੂਫ (ਪ੍ਰਾਸਪੈਕਟਸ ਅਨੁਸਾਰ), ਅਲਾਟ ਹੋਏ ਅਧਿਐਨ ਕੇਂਦਰ ਵਿੱਚ ਜਮ੍ਹਾਂ ਕਰਵਾਈਆਂ ਜਾਣ।
- ਸ਼ਨਾਖਤੀ ਕਾਰਡ ਹਦਾਇਤਾਂ ਅਨੁਸਾਰ ਅਧਿਐਨ ਕੇਂਦਰ ਤੋਂ ਤਸਦੀਕ ਕਰਵਾ ਲਿਆ ਜਾਵੇ।

- ਵਿਦਿਆਰਥੀਆਂ ਵੱਲੋਂ ਆਨਲਾਈਨ ਜਮ੍ਹਾ ਕਰਵਾਈ ਗਈ ਫੀਸ ਹੀ ਦਾਖਲਾ ਅਤੇ ਪ੍ਰੀਖਿਆ ਫੀਸ ਹੈ। ਇਸ ਤੋਂ ਇਲਾਵਾ ਅਧਿਐਨ ਕੇਂਦਰ ਨੂੰ ਵਿਦਿਆਰਥੀਆਂ ਵੱਲੋਂ ਕੋਈ ਵੱਖਰੀ ਫੀਸ ਨਹੀ ਦਿੱਤੀ ਜਾਣੀ।
- ਵਿਦਿਆਰਥੀ ਸਮੇਂ-ਸਮੇਂ ਤੇ ਆਪਣੀ ਰਜਿਸਟ੍ਰੇਸ਼ਨ ਦੌਰਾਨ ਭਰੀ ਈ-ਮੇਲ ਆਈਡੀ ਅਤੇ ਫੋਨ ਟੈਕਸਟ ਮੈਸਜ ਵੀ ਜ਼ਰੂਰ ਚੈੱਕ ਕਰਦੇ ਰਹਿਣ।
- ਆਨਲਾਈਨ ਦਾਖਲਾ ਪੋਰਟਲ ਤੇ ਵਿਦਿਆਰਥੀਆਂ ਵੱਲੋਂ ਲਏ ਗਏ ਵਿਸ਼ਿਆਂ ਸਬੰਧੀ ਈ-ਬੁੱਕਸ ਦੇ ਲਿੰਕ ਵਿਦਿਆਰਥੀ ਦੀ ਲਾਗ-ਇਨ ਆਈ.ਡੀ. ਤੇ ਅਪਲੋਡ ਕੀਤੇ ਜਾਂਦੇ ਹਨ। ਲੋੜ ਅਨੁਸਾਰ ਪਾਠ-ਪੁਸਤਕਾਂ ਦੀ ਹਾਰਡ ਕਾਪੀ ਅਧਿਐਨ ਕੇਂਦਰ ਰਾਹੀਂ ਬੋਰਡ ਦੇ ਜਿਲ੍ਹਾ ਖੇਤਰੀ ਦਫਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।
- ਪ੍ਰਾਸਪੈਕਟਸ ਵਿੱਚ ਦਰਜ ਨਿਰਧਾਰਿਤ ਮਿਤੀਆਂ ਅਨੁਸਾਰ ਵਿਅਕਤਗਤ ਸੰਪਰਕ ਪ੍ਰੋਗਰਾਮ (P.C.P) ਲਗਵਾਉਣ ਲਈ ਅਧਿਐਨ ਕੇਂਦਰ ਨਾਲ ਸੰਪਰਕ ਕੀਤਾ ਜਾਵੇ।
- ਦਾਖਲਾ ਕਮ ਪ੍ਰੀਖਿਆ ਫਾਰਮ ਭਰਨ ਸਮੇ ਜੇਕਰ ਵੇਰਵਿਆਂ ਵਿੱਚ ਕੋਈ ਤਰੁੱਟੀ ਆਦਿ ਰਹਿ ਜਾਦੀ ਹੈ ਤਾਂ ਉਸ ਦੀ ਸੋਧ ਕਰਵਾਉਣ ਲਈ ਅਧਿਐਨ ਕੇਦਰ ਰਾਹੀ ਬੋਰਡ ਵੱਲੋਂ ਨਿਰਧਾਰਿਤ ਤਰੁੱਟੀ ਫੀਸ ਸਮੇਤ ਆਨਲਾਈਨ ਤਰੁੱਟੀ ਫਾਰਮ ਭਰ ਕੇ ਉਸ ਦੀ ਹਾਰਡਕਾਪੀ ਬੋਰਡ ਨੂੰ ਭੇਜਣ ਲਈ ਸੰਪਰਕ ਕੀਤਾ ਜਾਵੇ।
- ਪ੍ਰੀਖਿਆਵਾਂ ਸੰਬੰਧੀ ਪੀ.ਸੀ.ਪੀ (P.C.P) ਦੌਰਾਨ ਅਧਿਐਨ ਕੇਂਦਰ ਤੋਂ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਪ੍ਰਾਪਤ ਕਰ ਲਈ ਜਾਵੇ।
- ਰੋਲ ਨੰਬਰ ਸਲਿਪ ਪ੍ਰਾਪਤ ਕਰਨ ਲਈ ਪ੍ਰੀਖਿਆ ਸ਼ੁਰੂ ਹੋਣ ਤੋਂ 15 ਦਿਨ ਪਹਿਲਾਂ ਅਧਿਐਨ ਕੇਂਦਰ ਨਾਲ ਸੰਪਰਕ ਕੀਤਾ ਜਾਵੇ।
- ਨਤੀਜਾ ਘੋਸ਼ਿਤ ਹੋਣ ਉਪਰੰਤ ਨਤੀਜਾ ਸਰਟੀਫਿਕੇਟ ਦੀ ਹਾਰਡ ਕਾਪੀ ਪ੍ਰਾਪਤ ਕਰਨ ਲਈ ਅਧਿਐਨ ਕੇਂਦਰ ਨਾਲ ਸੰਪਰਕ ਕੀਤਾ ਜਾਵੇ।
- ਓਪਨ ਸਕੂਲ ਸਬੰਧੀ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਬੋਰਡ ਵੈੱਬਸਾਈਟ www.pseb.ac.in ਤੇ Important Links ਅਧੀਨ Open School Links/Section ਤੇ ਕਲਿੱਕ ਕੀਤਾ ਜਾ ਸਕੇ।

## ਵਿਦਿਆਰਥੀਆਂ ਲਈ ਧਿਆਨ ਦੇਣ ਯੋਗ ਗੱਲਾਂ

1 ਸਿੱਖਿਆ ਤੋਂ ਵਾਂਝੇ ਰਹੇ ਉਮੀਦਵਾਰਾਂ ਨੂੰ ਚੰਗੀ ਵਿੱਦਿਆ ਦੇਣ ਵਿੱਚ ਅਧਿਐਨ ਕੇਂਦਰ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ, ਪਰ ਅਜਿਹਾ ਵਿਦਿਆਰਥੀਆਂ ਦੇ ਸਹਿਯੋਗ ਅਤੇ ਮਿਲਵਰਤਨ ਤੋਂ ਬਿਨਾਂ ਸੰਭਵ ਨਹੀਂ। ਜਿਹੜੇ ਵਿਦਿਆਰਥੀ ਅਧਿਐਨ ਕੇਂਦਰਾਂ ਦੇ ਨਿਯਮਾਂ ਦੀ ਉਲੰਘਣਾ ਕਰਨਗੇ ਉਹਨਾਂ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਦੇ ਹੋਏ ਉਹਨਾਂ ਦਾ ਦਾਖਲਾ ਵੀ ਰੱਦ ਕੀਤਾ ਜਾ ਸਕਦਾ ਹੈ।

2 ਆਨਲਾਈਨ ਦਾਖਲੇ ਦੌਰਾਨ ਅਲਾਟ ਹੋਏ ਅਧਿਐਨ ਕੇਂਦਰ ਨਾਲ ਅੱਗੇ ਕੀਤੀ ਜਾਣ ਵਾਲੀ ਕਾਰਵਾਈ ਲਈ ਸੰਪਰਕ ਕੀਤਾ ਜਾਵੇ।

3 ਵਿਦਿਆਰਥੀ ਉਸੇ ਸਮੇਂ ਅਤੇ ਉਸੇ ਦਿਨ ਹੀ ਅਧਿਐਨ ਕੇਂਦਰ ਵਿੱਚ ਜਾਣਗੇ ਜੋ ਉਹਨਾਂ ਲਈ ਨਿਰਧਾਰਿਤ ਕੀਤਾ ਜਾਂਦਾ ਹੈ।

4 ਜਦੋਂ ਵੀ ਵਿਦਿਆਰਥੀ ਅਧਿਐਨ ਕੇਂਦਰ ਦੇ ਵਿੱਚ ਆਉਂਦਾ ਹੈ ਤਾਂ ਸ਼ਨਾਖਤੀ ਕਾਰਡ ਆਪਣੇ ਨਾਲ ਲੈ ਕੇ ਆਵੇ ਨਹੀਂ ਤਾਂ ਉਸ ਨੂੰ ਅਧਿਐਨ ਕੇਂਦਰ ਵਿੱਚ ਪ੍ਰਵੇਸ਼ ਕਰਨ ਤੋਂ ਰੋਕਿਆ ਵੀ ਜਾ ਸਕਦਾ ਹੈ।

5 ਦਾਖਲਾ ਲੈਣ ਉਪਰੰਤ ਵਿਦਿਆਰਥੀ ਸਾਰੇ ਸਾਲ ਦੀਆਂ ਕਿਰਿਆਵਾਂ ਆਦਿ ਬਾਰੇ ਆਪਣੇ ਅਧਿਐਨ ਕੇਂਦਰ ਤੋਂ ਜਾਣਕਾਰੀ ਪ੍ਰਾਪਤ ਕਰਨਗੇ ਅਤੇ ਸਮੇਂ-ਸਮੇਂ ਤੇ ਦਿੱਤੀਆਂ ਹਦਾਇਤਾਂ ਦਾ ਪਾਲਣ ਕਰਨਗੇ।

6 ਵਿਦਿਆਰਥੀ ਕੇਵਲ ਉਸੇ ਪਾਠ ਸਮੱਗਰੀ ਦਾ ਅਧਿਐਨ ਕਰਨਗੇ ਜਿਹੜੀ ਓਪਨ ਸਕੂਲ ਵੱਲੋਂ ਉਹਨਾਂ ਲਈ ਭੇਜੀ ਜਾਂਦੀ ਹੈ ਜਾਂ ਜਿਹੜੀ ਅਧਿਐਨ ਕੇਂਦਰਾਂ ਦੇ ਅਧਿਆਪਕ ਉਹਨਾਂ ਨੂੰ ਦੱਸਦੇ ਹਨ। ਉਹ ਬਾਜ਼ਾਰੀ ਗਾਈਡਾਂ ਅਤੇ ਸਸਤੇ ਖਲਾਸਿਆਂ ਦੀ ਵਰਤੋਂ ਨਾ ਕਰਨ।

7 ਵਿਦਿਆਰਥੀ ਅਧਿਐਨ ਕੇਂਦਰ ਅਧੀਨ ਪੜ੍ਹਾਈ ਦੌਰਾਨ ਪੂਰੇ ਅਨੁਸ਼ਾਸਨ ਵਿੱਚ ਰਹਿਣਗੇ।

ਨੋਟ:- 1) ਅਧਿਐਨ ਕੇਂਦਰ ਵਿੱਚ ਦਾਖਲਾ ਲੈਣ ਲਈ ਅਕਾਦਮਿਕ ਸਾਲ 2025-26 ਲਈ ਓਪਨ ਸਕੂਲ ਦੇ ਕੋਰਸਾਂ ਲਈ ਐਕਰੀਡਿਟ ਕੀਤੇ ਅਧਿਐਨ ਕੇਂਦਰਾਂ ਦੀ ਸੂਚੀ ਵੇਖੀ ਜਾਵੇ।

2) ਵੱਖ ਵੱਖ ਵਿਸ਼ਿਆਂ ਦਾ ਪਾਠ-ਕ੍ਰਮ ਘੋਖਣ ਲਈ ਅਕਾਦਮਿਕ ਸ਼ਾਖਾ ਵੱਲੋਂ ਵੈੱਬਸਾਈਟ ਤੇ ਪੋਸਟ ਕੀਤੇ ਪਾਠ-ਕ੍ਰਮ ਦੇਖੇ ਜਾਣ।

**ਦਾਖਲੇ ਸਮੇਂ ਵਿਦਿਆਰਥੀ ਦੁਆਰਾ ਦਾਖਲਾ ਕਮ ਪ੍ਰੀਖਿਆ ਫ਼ਾਰਮ ਨਾਲ ਨੱਥੀ ਕੀਤੇ ਜਾਣ ਵਾਲੇ ਦਸਤਾਵੇਜ਼**

| ਲੜੀ ਨੰ: | ਦਸਤਾਵੇਜ਼ | ਫੋਟੋ ਕਾਪੀਆਂ ਦੀ ਗਿਣਤੀ |
|---|---|---|
| 1 | ਦਾਖਲੇ ਅਤੇ ਜਨਮ ਮਿਤੀ ਲਈ ਯੋਗਤਾ ਨਿਯਮ 4 ਅਨੁਸਾਰ ਪੇਸ਼ ਕੀਤੇ ਦਸਤਾਵੇਜ਼ | ਦੋ–ਦੋ ਫੋਟੋ ਕਾਪੀਆਂ |
| 2 | ਵਿਸ਼ਿਆਂ ਦਾ ਕਰੈਡਿਟ ਕੈਰੀ ਕਰਨ ਲਈ ਪੇਸ਼ ਕੀਤੇ ਸਰਟੀਫ਼ਿਕੇਟ | ਦੋ ਫੋਟੋ ਕਾਪੀਆਂ |
| 3 | ਐਸ.ਸੀ./ਬੀ.ਸੀ./ਦਿਵਿਆਂਗ ਹੋਣ ਦੀ ਸੂਰਤ ਵਿੱਚ ਅਸਲ ਸਰਟੀਫ਼ਿਕੇਟ | ਦੋ ਫੋਟੋ ਕਾਪੀਆਂ |
| 4 | ਜ਼ਿਲ੍ਹੇ ਦਾ ਵਸਨੀਕ ਹੋਣ ਦੇ ਸਬੂਤ ਵਜੋਂ ਨਿਯਮ 4.6 ਅਨੁਸਾਰ ਕੋਈ ਇੱਕ ਸਰਟੀਫ਼ਿਕੇਟ | ਦੋ ਫੋਟੋ ਕਾਪੀਆਂ |
| 5 | ਆਪਣੇ ਜਿਲ੍ਹੇ ਤੋਂ ਬਾਹਰਲੇ ਜ਼ਿਲ੍ਹੇ ਵਿੱਚ ਦਾਖਲਾ ਲੈਣ ਲਈ ਲੋੜੀਂਦੇ ਦਸਤਾਵੇਜ਼ | ਦੋ ਫੋਟੋ ਕਾਪੀਆਂ |

**ਨੋਟ : ਉਪਰੋਕਤ ਦਸਤਾਵੇਜ਼ਾਂ ਦੇ ਦੋ ਸੈੱਟ ਬਣਾ ਕੇ ਜਮ੍ਹਾਂ ਕਰਵਾਏ ਜਾਣ।**

**ਦਾਖਲੇ ਉਪਰੰਤ ਵਿਦਿਆਰਥੀ ਦੁਆਰਾ ਅਧਿਐਨ ਕੇਂਦਰ ਪਾਸੋਂ ਪ੍ਰਾਪਤ ਕੀਤੇ ਜਾਣ ਵਾਲੇ ਦਸਤਾਵੇਜ਼**

1. ਯੋਗਤਾ, ਤਹਿਸੀਲ ਦੇ ਵਸਨੀਕ ਐਸ.ਸੀ./ਬੀ.ਸੀ./ਅਪੰਗ ਹੋਣ ਦੀ ਸੂਰਤ ਵਜੋਂ ਪੇਸ਼ ਅਸਲ ਸਰਟੀਫ਼ਿਕੇਟ ।
2. ਅਧਿਐਨ ਕੇਂਦਰ ਮੁਖੀ ਦੁਆਰਾ ਤਸਦੀਕ ਕੀਤਾ ਸ਼ਨਾਖਤੀ ਕਾਰਡ।
3. ਕਰੈਡਿਟ ਕੈਰੀ ਲੈਣ ਲਈ ਪੇਸ਼ ਕੀਤਾ ਗਿਆ ਅਸਲ ਸਰਟੀਫ਼ਿਕੇਟ।

**ਪੰਜਾਬ ਸਕੂਲ ਸਿੱਖਿਆ ਬੋਰਡ**

**ਪੰਜਾਬ ਓਪਨ ਸਕੂਲ**

**ਦਾਖ਼ਲਾ ਕਮ ਫੀਸ ਸ਼ਡਿਊਲ (ਸੀਨੀਅਰ ਸੈਕੰਡਰੀ)**

**ਅਕਾਦਮਿਕ ਸਾਲ 2025-26**

| ਫ਼ੀਸਾਂ ਦਾ ਵੇਰਵਾ | ਦਾਖਲਾ ਫ਼ੀਸ ਪ੍ਰਤੀ ਵਿਦਿਆਰਥੀ | ਪ੍ਰੀਖਿਆ ਫ਼ੀਸ ਪ੍ਰਤੀ ਵਿਦਿਆਰਥੀ |
|---|---|---|
| ਦਾਖਲਾ ਫੀਸ | 2750/- ਰੁਪਏ | • 1900/-ਰੁ: ਪ੍ਰੀਖਿਆ ਫੀਸ ਸਮੇਤ ਪ੍ਰਯੋਗੀ ਪ੍ਰੀਖਿਆ<br>• ਵਾਧੂ ਵਿਸ਼ਾ ਪ੍ਰੀਖਿਆ ਫ਼ੀਸ -400/- (ਪ੍ਰਤੀ ਵਿਸ਼ਾ) |
| ਐਸ.ਸੀ./ਬੀ.ਸੀ./ਦਿਵਿਆਂਗ (ਵਿਲੱਖਣ ਸਮਰੱਥਾ) ਲੜਕੇ ਅਤੇ ਸਮੂਹ ਲੜਕੀਆਂ ਲਈ ਦਾਖ਼ਲਾ ਫ਼ੀਸ | 2700/- ਰੁਪਏ | |
| Benchmark disability ਦਿਵਿਆਂਗ (40% ਅਤੇ 40% ਤੋਂ ਵੱਧ) ਡਿਸਬਿਲਟੀ ਸਰਟੀਫਿਕੇਟ (Disability Certificate) ਦੀ ਫੋਟੋ ਕਾਪੀ ਨਾਲ ਨੱਥੀ ਕੀਤੀ ਜਾਵੇ। | 31 ਮਾਰਚ 2026 ਨੂੰ 18 ਸਾਲ ਤੱਕ ਦੇ ਵਿਦਿਆਰਥੀਆਂ ਨੂੰ ਫੀਸਾਂ ਵਿੱਚ ਛੋਟ ਹੈ। | |
| ਵਾਧੂ ਵਿਸ਼ਾ ਦਾਖ਼ਲਾ ਫ਼ੀਸ (ਪ੍ਰਤੀ ਵਿਸ਼ਾ) | 400/- ਰੁਪਏ | |
| ਨਵੀਂ ਰਜਿਸਟ੍ਰੇਸ਼ਨ ਫ਼ੀਸ | 250/- ਰੁਪਏ | |
| ਰਜਿਸਟ੍ਰੇਸ਼ਨ ਜਾਰੀ ਰੱਖਣ ਲਈ ਕੰਟੀਨਿਊਸ਼ਨ ਫ਼ੀਸ | 200/- ਰੁਪਏ | |
| ਦੂਜੇ ਰਾਜਾਂ/ਬੋਰਡਾਂ ਤੋਂ ਆਏ ਵਿਦਿਆਰਥੀਆਂ ਲਈ ਰਜਿਸਟ੍ਰੇਸ਼ਨ ਫ਼ੀਸ | 1100/- ਰੁਪਏ | |
| ਫ਼ਾਰਮ ਜੇਕਰ ਡਾਊਨਲੋਡ ਕੀਤਾ ਹੋਵੇ ਤਾਂ ਫ਼ੀਸ | 100/-ਰੁਪਏ ਪ੍ਰਤੀ ਫ਼ਾਰਮ | |
| Certificate and migration Certificate hard copy fees ਸਰਟੀਫਿਕੇਟ ਅਤੇ ਮਾਈਗਰੇਸ਼ਨ ਸਰਟੀਫਿਕੇਟ ਦੀ ਹਾਰਡ ਕਾਪੀ ਫੀਸ | 270/-ਰੁਪਏ | |

ਪੰਜਾਬ ਸਕੂਲ ਸਿੱਖਿਆ ਬੋਰਡ, ਓਪਨ ਸਕੂਲ ਪ੍ਰਨਾਲੀ ਅਕਾਦਮਿਕ ਸਾਲ 2025-26 ਲਈ ਸੀਨੀਅਰ ਸੈਕੰਡਰੀ ਕੋਰਸ ਵਿੱਚ ਆਨਲਾਈਨ ਦਾਖਲਾ ਲੈਣ ਲਈ ਨਿਰਧਾਰਤ ਫ਼ੀਸ ਅਤੇ ਜੁਰਮਾਨਾ ਫ਼ੀਸ ਨਾਲ ਮਿਤੀਆਂ ਦਾ ਸ਼ਡਿਊਲ ਹੇਠ ਅਨੁਸਾਰ ਹੈ:

| **ਨਿਰਧਾਰਤ ਫੀਸ ਨਾਲ / ਜੁਰਮਾਨਾ ਫੀਸ ਨਾਲ** |
|---|
| **ਮਿਤੀ 31 ਅਗਸਤ 2025 ਤੱਕ (ਨਿਰਧਾਰਤ ਫੀਸ ਨਾਲ)** |
| **01 ਸਤੰਬਰ 2025 ਤੋਂ 31 ਅਕਤੂਬਰ 2025 ਤੱਕ (1500/- ਰੁਪਏ ਜੁਰਮਾਨਾ ਫੀਸ ਨਾਲ)** |

ਨੋਟ: 1. ਬੋਰਡ ਵੱਲੋਂ ਆਨਲਾਈਨ ਜਮ੍ਹਾਂ ਹੋਈ ਫ਼ੀਸ ਹੀ ਵਿਦਿਆਰਥੀ ਦੀ ਕੁੱਲ ਦਾਖਲਾ ਅਤੇ ਪ੍ਰੀਖਿਆ ਫ਼ੀਸ ਹੈ। ਇਸ ਫ਼ੀਸ ਤੋਂ ਇਲਾਵਾ ਅਧਿਐਨ ਕੇਂਦਰ ਨੂੰ ਹੋਰ ਕੋਈ ਫ਼ੀਸ ਨਾ ਦਿੱਤੀ ਜਾਵੇ।

ਇੰਚਾਰਜ (ਓਪਨ ਸਕੂਲ)

ਪੰਜਾਬ ਸਕੂਲ ਸਿੱਖਿਆ ਬੋਰਡ

(ਓਪਨ ਸਕੂਲ ਸ਼ਾਖਾ) ਫ਼ੋਨ ਨੰ: 0172-5227197, 196, 206, 204, 172 ਹੈਲਪਲਾਈਨ ਨੰ: 8058911911 (ਟੈਕਨੀਕਲ ਸੈਕਸ਼ਨ)